**ਅਪਰੈਲ** 2011

ਇਹ ਲਿਖਤ ਸਿਰਫ ਜਾਣਕਾਰੀ ਦਿੰਦੀ ਹੈ, ਕਾਨੂੰਨੀ ਸਲਾਹ ਨਹੀਂ ਦਿੰਦੀ। ਇਹ ਲਿਖਤ ਸਿਰਫ ਅੰਗਰੇਜ਼ੀ ਲਿਖਤ ਦਾ ਤਰਜਮਾ ਹੈ, ਇਸ ਕਰਕੇ ਜੇ ਕੋਈ ਫਰਕ ਹੋਵੇ ਤਾਂ ਕਿਰਪਾ ਕਰਕੇ ਅੰਗਰੇਜ਼ੀ ਰੂਪ ਦੇਖੋ।

ਕਿਰਪਾ ਕਰਕੇ ਇਹ ਚੀਜ਼ ਨੋਟ ਕਰੋ ਕਿ ਅੰਗਰੇਜ਼ੀ ਦੀਆਂ ਸਾਰੀਆਂ ਲਿਖਤਾਂ ਦਾ ਤਰਜਮਾ ਨਹੀਂ ਕੀਤਾ ਗਿਆ ਹੈ। ਜੇ ਕੋਈ ਲਿਖਤ ਤੁਹਾਨੂੰ ਪੰਜਾਬੀ ਵਿਚ ਨਾ ਲੱਭੇ ਤਾਂ ਕਿਰਪਾ ਕਰਕੇ ਅੰਗਰੇਜ਼ੀ ਰੂਪ ਤੇ ਜਾਉ।

ਜੇ ਤੁਹਾਨੂੰ ਕੋਈ ਕਾਨੂੰਨੀ ਸਮੱਸਿਆ ਹੈ ਜਾਂ ਕਾਨੂੰਨੀ ਸਲਾਹ ਦੀ ਲੋੜ ਹੈ ਤਾਂ ਤੁਹਾਨੂੰ ਕਿਸੇ ਵਕੀਲ ਨਾਲ ਗੱਲ ਕਰਨੀ ਚਾਹੀਦੀ ਹੈ। ਕਿਸੇ ਵਕੀਲ ਦਾ ਨਾਂ ਲੈਣ ਲਈ ਲਾਇਅਰ ਰੈਫਰਲ ਨੂੰ ਲੋਅਰ ਮੇਨਲੈਂਡ ਵਿਚ 604.687.3321 ਤੇ ਜਾਂ ਬ੍ਰਿਟਿਸ਼ ਕੋਲੰਬੀਆ ਵਿਚ ਹੋਰ ਕਿਤਿਉਂ ਵੀ 1.800.663.1919 ਤੇ ਫੋਨ ਕਰੋ।

ਲੋਕ ਕਦੇ ਕਦੇ ਵਕੀਲਾਂ ਦੀਆਂ ਸੇਵਾਵਾਂ ਦੇ ਜ਼ਿਆਦਾ ਖਰਚੇ ਦੀ ਸ਼ਿਕਾਇਤ ਕਰਦੇ ਹਨ। ਪਰ ਬਹੁਤੇ ਲੋਕਾਂ ਨੂੰ ਇਹ ਨਹੀਂ ਪਤਾ ਕਿ ਬਹੁਤ ਸਾਰੀ ਕਾਨੂੰਨੀ ਜਾਣਕਾਰੀ ਅਤੇ ਸਲਾਹ ਬਹੁਤ ਘੱਟ ਖਰਚੇ ਤੇ ਮਿਲ ਸਕਦੀ ਹੈ – ਅਤੇ ਕੁਝ ਕੇਸਾਂ ਵਿਚ ਤਾਂ ਇਹ ਮੁਫਤ ਮਿਲ ਸਕਦੀ ਹੈ। ਇਹ ਲਿਖਤ ਕਿਉਂਕਿ ਮਿਲਣ ਵਾਲੀਆਂ ਸੇਵਾਵਾਂ ਬਾਰੇ ਵਿਸਥਾਰ ਵਿਚ ਗੱਲ ਕਰਦੀ ਹੈ, ਇਹ ਥੋੜ੍ਹੀ ਜਿਹੀ ਲੰਮੀ ਹੈ, ਇਸ ਕਰਕੇ ਜੇ ਤੁਸੀਂ ਇਸ ਨੂੰ ਪੜ੍ਹਣ ਦੀ ਬਜਾਏ ਸੁਣ ਰਹੇ ਹੋ ਤਾਂ ਦੱਸੇ ਗਏ ਫੋਨ ਨੰਬਰਾਂ ਅਤੇ ਵੈੱਬਸਾਈਟਾਂ ਨੂੰ ਲਿਖਣ ਲਈ ਆਪਣੇ ਕੋਲ ਪੈੱਨ ਅਤੇ ਪੇਪਰ ਰੱਖੋ।

ਮੁਫਤ ਕਾਨੂੰਨੀ ਜਾਣਕਾਰੀ ਦੇ ਕੁਝ ਵਸੀਲਿਆਂ ਵਿਚ ਇਹ ਸ਼ਾਮਲ ਹਨ:

- **ਬੀ ਸੀ ਕੋਰਟਹਾਊਸ ਲਾਇਬਰੇਰੀ ਸੁਸਾਇਟੀ:** www.bccls.bc.ca
  ਇਹ ਬ੍ਰਿਟਿਸ਼ ਕੋਲੰਬੀਆ ਵਿਚ ਕਾਨੂੰਨ ਨਾਲ ਸੰਬੰਧਿਤ ਭਾਈਚਾਰੇ ਅਤੇ ਆਮ ਲੋਕਾਂ ਨੂੰ ਕਾਨੂੰਨੀ ਜਾਣਕਾਰੀ ਦੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ। ਉਨ੍ਹਾਂ ਦਾ ਟੋਲ ਫਰੀ (ਮੁਫਤ) ਨੰਬਰ ਹੈ: 1.800.665.2570.

- **ਕਲਿੱਕਲਾਅ:** www.clicklaw.bc.ca
  ਕਲਿੱਕਲਾਅ ਵੈੱਬਸਾਈਟ ਦਾ ਮਕਸਦ ਬੀ ਸੀ ਵਿਚ ਇਨਸਾਫ ਤੱਕ ਪਹੁੰਚ ਨੂੰ ਵਧਾਉਣਾ ਹੈ। ਇਸ ਉੱਪਰ ਯੋਗਦਾਨ ਪਾਉਣ ਵਾਲੀਆਂ ਕਈ ਸੰਸਥਾਵਾਂ ਵਲੋਂ ਲੋਕਾਂ ਲਈ ਕਾਨੂੰਨੀ ਅਤੇ ਸਿੱਖਿਆ ਦੇਣ ਵਾਲੀ ਜਾਣਕਾਰੀ ਹੈ। ਕਲਿੱਕਲਾਅ ਤੇ ਹੈਲਪਮੈਪ ਵੀ ਹੈ ਜੋ ਕਿ ਬੀ ਸੀ ਭਰ ਦੇ ਇਲਾਕਿਆਂ ਵਿਚ ਕਾਨੂੰਨ ਨਾਲ ਸੰਬੰਧਿਤ ਸੇਵਾਵਾਂ ਲੱਭਣ ਵਿਚ ਲੋਕਾਂ ਦੀ ਮਦਦ ਕਰ ਸਕਦਾ ਹੈ।

- **ਡਾਇਲ-ਏ-ਲਾਅ:** www.dialalaw.org
  ਡਾਇਲ-ਏ-ਲਾਅ ਕਾਨੂੰਨੀ ਜਾਣਕਾਰੀ ਦੇਣ ਵਾਲੀ ਇਕ ਮੁਫਤ ਲਾਇਬਰੇਰੀ ਹੈ ਜਿਹੜੀ ਕਿ ਵਕੀਲਾਂ ਵਲੋਂ ਤਿਆਰ ਕੀਤੀ ਹੋਈ ਹੈ। ਇਸ ਪ੍ਰੋਗਰਾਮ ਨੂੰ ਫੰਡ ਲਾਅ ਫਾਉਂਡੇਸ਼ਨ ਆਫ ਬੀ ਸੀ ਵਲੋਂ ਮਿਲਦੇ ਹਨ ਅਤੇ ਇਹ ਕੈਨੇਡੀਅਨ ਬਾਰ ਐਸੋਸੀਏਸ਼ਨ ਦੀ ਬੀ ਸੀ ਬਰਾਂਚ ਵਲੋਂ ਚਲਾਈ ਜਾਂਦੀ ਹੈ। ਇਹ ਉਪਲਬਧ ਹੈ:
  - ਰਿਕਾਰਡ ਹੋਈਆਂ ਲਿਖਤਾਂ ਦੇ ਤੌਰ ਤੇ ਫੋਨ ਰਾਹੀਂ ਲੋਅਰ ਮੇਨਲੈਂਡ ਵਿਚ 604.687.4680 ਤੇ ਜਾਂ ਬੀ ਸੀ ਵਿਚ ਹੋਰ ਕਿਤਿਉਂ ਵੀ 1.800.565.5297 ਤੇ, ਅਤੇ
  - ਆਡਿਓ ਅਤੇ ਲਿਖਤੀ ਰੂਪ ਵਿਚ ਸੀ ਬੀ ਏ ਦੀ ਬੀ ਸੀ ਬਰਾਂਚ ਦੇ ਵੈੱਬਸਾਈਟ ਤੇ।

- **ਜਸਟਿਸ ਐਜੂਕੇਸ਼ਨ ਸੁਸਾਇਟੀ:** www.justiceeducation.ca
  ਜਸਟਿਸ ਐਜੂਕੇਸ਼ਨ ਸੁਸਾਇਟੀ, ਜਿਸ ਨੂੰ ਪਹਿਲਾਂ ਲਾਅ ਕੋਰਟਸ ਐਜੂਕੇਸ਼ਨ ਸੁਸਾਇਟੀ ਆਖਿਆ ਜਾਂਦਾ ਸੀ, ਪਬਲਿਕ ਅਤੇ ਨਿਆਂ ਸਿਸਟਮ ਵਿਚ ਕੰਮ ਕਰਨ ਵਾਲੇ ਵਿਅਕਤੀਆਂ ਵਿਚਕਾਰ ਦੋ ਤਰਫੀ ਸਿਖਿਆ ਰਾਹੀਂ ਕਾਨੂੰਨੀ ਸਿਸਟਮ ਤੱਕ ਪਹੁੰਚ ਸੁਧਾਰਨ ਲਈ ਸਮਰਿਪਤ ਹੈ। ਇਨਕੁਆਰੀਆਂ ਲਈ ਵੈਨਕੂਵਰ ਵਿਚ 604.660.9870 ਤੇ ਫੋਨ ਕਰੋ।

- **ਲੀਗਲ ਸਰਵਿਸਿਜ਼ ਸੁਸਾਇਟੀ (ਐੱਲ ਐੱਸ ਐੱਸ):** www.lss.bc.ca
  ਐੱਲ ਐੱਸ ਐੱਸ ਕਈ ਜ਼ਬਾਨਾਂ ਵਿਚ ਲਿਖਤੀ ਰੂਪ ਵਿਚ ਅਤੇ ਆਪਣੇ ਵੈੱਬਸਾਈਟ ਤੇ ਕਾਨੂੰਨੀ ਜਾਣਕਾਰੀ ਦੇਣ ਵਾਲੀਆਂ ਮੁਫਤ ਲਿਖਤਾਂ ਪ੍ਰਦਾਨ ਕਰਦੀ ਹੈ।
  - **ਲਿਖਤਾਂ:** www.legalaid.bc.ca. ("ਆਵਰ ਪਬਲੀਕੇਸ਼ਨਜ਼" ਤੇ ਕਲਿੱਕ ਕਰੋ) ਐੱਲ ਐੱਸ ਐੱਸ ਦੀਆਂ ਲਿਖਤਾਂ ਬਹੁਤ ਸਾਰੇ ਕਾਨੂੰਨੀ ਵਿਸ਼ਿਆਂ ਨੂੰ ਕਵਰ ਕਰਦੀਆਂ ਹਨ ਜਿਸ ਵਿਚ ਪਰਿਵਾਰਾਂ ਨਾਲ ਸੰਬੰਧਿਤ ਕਾਨੂੰਨ, ਬੱਚਿਆਂ ਦੀ ਸੁਰੱਖਿਆ, ਇਮੀਗਰੇਸ਼ਨ ਦੇ ਮਾਮਲੇ, ਅਬਰਿਜਨਲ ਕਾਨੂੰਨੀ ਮਾਮਲੇ, ਮੁਜਰਮਾਨਾ ਮਸਲੇ ਅਤੇ ਗਰੀਬੀ ਨਾਲ ਸੰਬੰਧਿਤ ਕਾਨੂੰਨ ਸ਼ਾਮਲ ਹਨ। ਐੱਲ ਐੱਸ ਐੱਸ ਦੀਆਂ ਲਿਖਤਾਂ ਔਨਲਾਈਨ ਪੜ੍ਹੀਆਂ ਜਾ ਸਕਦੀਆਂ ਹਨ ਜਾਂ ਕਰਾਉਨ ਪਬਲੀਕੇਸ਼ਨਜ਼ ਰਾਹੀਂ ਮੁਫਤ ਆਰਡਰ ਕੀਤੀਆਂ ਜਾ ਸਕਦੀਆਂ ਹਨ।

© Copyright 1983-2011 The Canadian Bar Association, British Columbia Branch

- ਹੋਰ ਕਾਨੂੰਨੀ ਜਾਣਕਾਰੀ, ਵਸੀਲੇ, ਅਤੇ ਸਵੈ-ਮਦਦ ਲਈ ਗਾਈਡਾਂ **ਐੱਲ ਐੱਸ ਐੱਸ ਫੈਮਿਲੀ ਲਾਅ ਇਨ ਬ੍ਰਿਟਿਸ਼ ਕੋਲੰਬੀਆ** ਵੈੱਬਸਾਈਟ www.familylaw.lss.bc.ca ਤੇ ਉਪਲਬਧ ਹਨ। ਇਸ ਸਾਈਟ ਤੇ ਲੋਕਾਂ ਦੀ ਪਰਿਵਾਰਕ ਕਾਨੂੰਨ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਵਿਚ ਮਦਦ ਲਈ, ਅਦਾਲਤਾਂ ਦੇ ਫਾਰਮ, ਮੌਜੂਦਾ ਪਰਿਵਾਰਕ ਕਾਨੂੰਨਾਂ ਬਾਰੇ ਜਾਣਕਾਰੀ ਅਤੇ ਵਸੀਲੇ ਅਤੇ ਫਾਇਦੇਮੰਦ ਸਬੰਧਿਤ ਸਾਇਟਾਂ ਨਾਲ ਲਿੰਕ ਹਨ।

- **ਲੀਗਲ ਇਨਫੋ ਆਊਟਰੀਚ ਵਰਕਰਜ਼ (ਐੱਲ ਆਈ ਓ ਡਬਲਯੂ):**
  www.lss.bc.ca/legal_aid/legalInformationOutreachWorkers.asp ਐੱਲ ਆਈ ਓ ਡਬਲਯੂ ਅਤੇ ਐੱਲ ਐੱਸ ਐੱਸ ਦਾ ਸਟਾਫ ਟੈਰਸ ਅਤੇ ਵੈਨਕੂਵਰ ਵਿਚ ਹੈ ਜੋ ਕਿ ਇੰਟਰਨੈੱਟ ਤੇ ਕਾਨੂੰਨੀ ਜਾਣਕਾਰੀ ਅਤੇ ਸਵੈ-ਮਦਦ ਲਈ ਵਸੀਲੇ ਲੱਭਣ ਵਿਚ ਤੁਹਾਡੀ ਮਦਦ ਕਰ ਸਕਦਾ ਹੈ; ਤੁਹਾਨੂੰ ਛਪੀ ਹੋਈ ਕਾਨੂੰਨੀ ਜਾਣਕਾਰੀ ਦੇ ਸਕਦਾ ਹੈ; ਤੁਹਾਨੂੰ ਹੋਰ ਸੇਵਾਵਾਂ ਕੋਲ ਭੇਜ ਸਕਦਾ ਹੈ ਜਿਵੇਂ ਕਿ ਫੈਮਿਲੀ ਡਿਊਟੀ ਕੌਂਸਲ ਅਤੇ ਹੋਰ ਕਮਿਉਨਟੀ ਸੇਵਾਵਾਂ; ਐੱਲ ਐੱਸ ਐੱਸ ਦੀਆਂ ਸੇਵਾਵਾਂ ਬਾਰੇ ਜਾਣਕਾਰੀ ਦੇਣ ਲਈ ਕਮਿਉਨਟੀ ਗਰੁੱਪਾਂ ਕੋਲ ਜਾਂਦਾ ਹੈ, ਅਤੇ ਐੱਲ ਐੱਸ ਐੱਸ ਦੇ ਪ੍ਰੋਗਰਾਮਾਂ ਬਾਰੇ ਕਮਿਉਨਟੀ ਵਰਕਰਾਂ ਅਤੇ ਪਬਲਿਕ ਦੇ ਵਿਚਾਰ ਇਕੱਠੇ ਕਰਦਾ ਹੈ; ਫੋਨ ਤੇ ਕਾਨੂੰਨੀ ਜਾਣਕਾਰੀ ਅਤੇ ਰੈਫਰਲ ਸੇਵਾਵਾਂ ਦਿੰਦਾ ਹੈ; ਅਤੇ ਕਮਿਉਨਟੀ ਕੋਰਟ ਦੇ ਗਾਹਕਾਂ ਦੀ ਮਦਦ ਕਰਦਾ ਹੈ।

  ਕਿਸੇ ਐੱਲ ਆਈ ਓ ਡਬਲਯੂ ਨਾਲ ਸੰਪਰਕ ਕਰਨ ਲਈ, ਵੈਨਕੂਵਰ ਜਾਂ ਟੈਰਸ ਰੀਜਨਲ ਸੈਂਟਰ ਨੂੰ ਫੋਨ ਕਰੋ:

| **ਟੈਰਸ** | **ਵੈਨਕੂਵਰ** |
|---|---|
| 207– 3228 ਕਾਲੁਮ ਸਟਰੀਟ | 400 – 510 ਬੁਰਾਰਡ ਸਟਰੀਟ |
| 250.635.2133 ਜਾਂ | 604.601.6166 |
| 1.800.787.2511 (ਟੋਲ ਫਰੀ) | |

- **ਨੇਟਿਵ ਕੋਰਟਵਰਕਰ ਐਂਡ ਕੌਂਸਲਿੰਗ ਐਸੋਸੀਏਸ਼ਨ ਆਫ ਬੀ ਸੀ (ਐੱਨ ਸੀ ਸੀ ਏ ਬੀ ਸੀ):** www.nccabc.ca
  ਇਹ ਅਬਰਿਜਨਲ ਲੋਕਾਂ ਅਤੇ ਕਮਿਉਨਟੀਆਂ ਦੀ ਸਭਿਆਚਾਰਕ ਤੌਰ ਤੇ ਢੁਕਵੀਂਆਂ ਸੇਵਾਵਾਂ ਪ੍ਰਦਾਨ ਕਰਦੀ ਹੈ। ਉਨ੍ਹਾਂ ਦੇ ਟੋਲ ਫਰੀ ਨੰਬਰ ਹਨ ਲੋਅਰ ਮੇਨਲੈਂਡ ਵਿਚ 1.877.771.9444, ਸਾਊਦਰਨ ਕੋਸਟ ਵਿਚ 1-877-949-7288, ਨੌਰਦਰਨ ਇਨਟੀਰੀਅਰ ਵਿਚ 1-888-785-5516 ਅਤੇ ਦਫਤਰ ਲਈ 1-877-811-1190 ਹਨ। ਲੋਕਲ ਨੰਬਰਾਂ ਲਈ ਵੈੱਬਸਾਈਟ 'ਤੇ ਪਹਿਲਾਂ "ਅਬਾਊਟ ਅੱਸ" ਸਲੈਕਟ ਕਰੋ ਅਤੇ ਫਿਰ "ਆਵਰ ਟੀਮ" ਸਲੈਕਟ ਕਰੋ।

- **ਬਹੁ-ਭਾਸ਼ਾਈ ਲੀਗਲ ਵੈੱਬ ਸਾਈਟ:** www.multilingolegal.ca
  ਇਹ ਇਕ ਨਵਾਂ ਇੰਟਰਨੈੱਟ ਵਸੀਲਾ ਹੈ ਜੋ ਕਿ ਸਪੇਨੀ, ਫਰਾਂਸੀਸੀ, ਵੀਅਤਨਾਮੀ, ਚੀਨੀ, ਪੰਜਾਬੀ, ਪਰਸ਼ੀਅਨ ਅਤੇ ਅਰਬੀ ਭਾਸ਼ਾਵਾਂ ਵਿਚ ਕਾਨੂੰਨੀ ਲਿਖਤਾਂ ਤੱਕ ਪਹੁੰਚ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ। ਵਿਸ਼ਿਆਂ ਵਿਚ ਸ਼ਾਮਲ ਹਨ: ਦੁਰਵਿਵਹਾਰ, ਬੱਚਿਆਂ ਦੀ ਸੁਰੱਖਿਆ, ਅਦਾਲਤ ਦੇ ਹੁਕਮ, ਪਰਿਵਾਰਕ ਹਿੰਸਾ, ਨਵੇਂ ਆਉਣ ਵਾਲਿਆਂ ਲਈ ਸੇਵਾਵਾਂ ਅਤੇ ਵਸੀਲੇ, ਵੈਲਫੇਅਰ, ਅਤੇ ਜੁਰਮ ਦਾ ਸ਼ਿਕਾਰ ਹੋਏ ਲੋਕਾਂ ਲਈ ਸੇਵਾਵਾਂ। ਇਸ ਸਾਈਟ ਨੂੰ ਸਪੌਂਸਰ ਲੈਤਿਨ ਅਮੈਰੇਕਨ ਕਮਿਉਨਟੀ ਕੌਂਸਲ ਅਤੇ ਮੋਜ਼ੈਕ ਵਲੋਂ ਕੀਤਾ ਗਿਆ ਹੈ ਅਤੇ ਇਸ ਨੂੰ ਫੰਡ ਲਾਅ ਫਾਉਂਡੇਸ਼ਨ ਆਫ ਬੀ ਸੀ ਤੋਂ ਮਿਲੇ ਹਨ।

- **ਪਬਲਿਕ ਲੀਗਲ ਐਜੂਕੇਸ਼ਨ ਸੁਸਾਇਟੀ (ਜਿਸ ਨੂੰ ਪੀਪਲਜ਼ ਲਾਅ ਸਕੂਲ ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ)**
  ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀ ਇਹ ਸੰਸਥਾ ਵੱਖ ਵੱਖ ਕਾਨੂੰਨੀ ਵਿਸ਼ਿਆਂ ਬਾਰੇ ਮੁਫਤ ਲੈਕਚਰਾਂ ਨੂੰ ਸਪੌਂਸਰ ਕਰਦੀ ਹੈ ਜੋ ਕਿ ਮੁੱਖ ਤੌਰ ਤੇ ਵਕੀਲਾਂ ਵਲੋਂ ਦਿੱਤੇ ਜਾਂਦੇ ਹਨ। ਪੀਪਲਜ਼ ਲਾਅ ਸਕੂਲ ਨਾਲ ਸੰਪਰਕ ਕਰਨ ਲਈ 604.331.5400 ਤੇ ਫੋਨ ਕਰੋ ਜਾਂ ਉਨ੍ਹਾਂ ਦਾ ਵੈੱਬਸਾਈਟ ਦੇਖੋ: www.publiclegaled.bc.ca.

- **ਪਬਲਿਕ ਲਾਇਬਰੇਰੀ**
  ਸੂਬਾਈ ਅਤੇ ਫੈਡਰਲ ਵਿਧਾਨ ਇੱਥੇ ਦੇਖੇ ਜਾ ਸਕਦੇ ਹਨ, ਅਤੇ ਇਸ ਦੇ ਨਾਲ ਹੀ ਕਾਨੂੰਨ ਬਾਰੇ ਲਿਖੀਆਂ ਗਈਆਂ ਬਹੁਤ ਸਾਰੀਆਂ ਕਿਤਾਬਾਂ ਦੇਖੀਆਂ ਜਾ ਸਕਦੀਆਂ ਹਨ ਜਿਹੜੀਆਂ ਖਾਸ ਕਰਕੇ ਗੈਰ-ਵਕੀਲਾਂ ਲਈ ਹੁੰਦੀਆਂ ਹਨ। ਜੇ ਤੁਹਾਨੂੰ ਚਾਹੀਦਾ ਹੈ, ਉਹ ਲੱਭਣ ਵਿਚ ਮਦਦ ਰੈਫਰੇਂਸ ਲਾਇਬਰੇਰੀਅਨ ਤੋਂ ਲਵੋ।

ਤੁਹਾਨੂੰ ਕੋਈ ਕਾਨੂੰਨੀ ਸਮੱਸਿਆ ਹੈ, ਜਾਂ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਕਾਨੂੰਨੀ ਸਮੱਸਿਆ ਹੈ, ਅਤੇ ਤੁਹਾਨੂੰ ਕੁਝ ਮੁਫਤ ਜਾਂ ਸਸਤੀ ਮਦਦ ਦੀ ਲੋੜ ਹੈ। ਤਾਂ ਫਿਰ ਅੱਗੇ ਲਿਖੀਆਂ ਸੇਵਾਵਾਂ ਤੁਹਾਡੀ ਮਦਦ ਕਰ ਸਕਦੀਆਂ ਹਨ:

© Copyright 1983-2011 The Canadian Bar Association, British Columbia Branch

- **ਲਾਇਅਰ ਰੈਫਰਲ ਸਰਵਿਸ**
  ਇਹ ਲੋਕਾਂ ਲਈ ਇਕ ਸਰਵਿਸ ਹੈ ਜਿਹੜੀ ਕਿ ਕੈਨੇਡੀਅਨ ਬਾਰ ਐਸੋਸੀਏਸ਼ਨ ਦੀ ਬੀ ਸੀ ਬਰਾਂਚ ਵਲੋਂ ਪੇਸ਼ ਕੀਤੀ ਜਾਂਦੀ ਹੈ, ਉਹੋ ਸੰਸਥਾ ਜਿਹੜੀ ਡਾਇਲ-ਏ-ਲਾਅ ਚਲਾਉਂਦੀ ਹੈ। ਲੋਅਰ ਮੇਨਲੈਂਡ ਵਿਚ 604.687.3221 ਤੇ ਜਾਂ ਬੀ ਸੀ ਵਿਚ ਹੋਰ ਕਿਤਿਉਂ ਵੀ 1.800.663.1919 ਤੇ ਮੁਫਤ ਫੋਨ ਕਰੋ। ਸੰਖੇਪ ਵਿਚ ਸਮੱਸਿਆ ਦੀ ਕਿਸਮ ਬਾਰੇ ਦੱਸੋ ਅਤੇ ਸਰਵਿਸ ਤੁਹਾਨੂੰ ਕਿਸੇ ਵਕੀਲ ਦਾ ਨਾਂ ਦੇਵੇਗੀ। ਵਕੀਲ ਨੂੰ ਫੋਨ ਕਰੋ ਅਤੇ ਅਪੌਂਇੰਟਮੈਂਟ ਬਣਾਉ। ਵਕੀਲ ਨੂੰ ਦੱਸੋ ਕਿ ਤੁਹਾਨੂੰ ਲਾਇਅਰ ਰੈਫਰਲ ਸਰਵਿਸ ਨੇ ਭੇਜਿਆ ਹੈ। ਵਕੀਲ ਤੁਹਾਨੂੰ 25 ਡਾਲਰ ਲੈ ਕੇ 30 ਮਿੰਟ ਤੱਕ ਦੀ ਅਪੌਂਇੰਟਮੈਂਟ ਦੇਵੇਗਾ। ਅਪੌਂਇੰਟਮੈਂਟ ਵੇਲੇ, ਵਕੀਲ ਤੁਹਾਨੂੰ ਦੱਸੇਗਾ ਕਿ ਕੀ ਤੁਹਾਨੂੰ ਕਾਨੂੰਨੀ ਸਮੱਸਿਆ ਹੈ ਜਾਂ ਨਹੀਂ। ਫਿਰ ਜੇ ਤੁਸੀਂ ਅਤੇ ਵਕੀਲ ਸਹਿਮਤ ਹੋ ਜਾਵੋ ਤਾਂ ਤੁਸੀਂ ਉਸ ਵਕੀਲ ਨੂੰ ਉਸ ਦੇ ਆਮ ਰੇਟ ਤੇ ਆਪਣੇ ਲਈ ਕਰ ਸਕਦੇ ਹੋ। ਪਰ ਤੁਹਾਡੇ ਲਈ ਉਹ ਵਕੀਲ ਕਰਨਾ ਜ਼ਰੂਰੀ ਨਹੀਂ ਹੈ। ਤੁਸੀਂ ਇਹ ਫੈਸਲਾ ਵੀ ਕਰ ਸਕਦੇ ਹੋ ਕਿ ਤੁਹਾਨੂੰ ਕੋਈ ਕਾਨੂੰਨੀ ਸਮੱਸਿਆ ਨਹੀਂ ਹੈ ਅਤੇ ਤੁਹਾਨੂੰ ਵਕੀਲ ਦੀ ਲੋੜ ਨਹੀਂ ਹੈ। ਜਾਂ ਤੁਸੀਂ ਹੋਰ ਪੁੱਛ ਗਿਛ ਕਰਨ ਅਤੇ ਕੋਈ ਹੋਰ ਵਕੀਲ ਲੱਭਣ ਦਾ ਫੈਸਲਾ ਵੀ ਕਰ ਸਕਦੇ ਹੋ।

- **ਲੀਗਲ ਸਰਵਿਸਿਜ਼ ਸੁਸਾਇਟੀ (ਐੱਲ ਐੱਸ ਐੱਸ) ਵਲੋਂ ਦਿਤੀਆਂ ਜਾਂਦੀਆਂ ਸੇਵਾਵਾਂ:** www.lss.bc.ca

  - ***ਲੀਗਲ ਏਡ:*** www.legalaid.bc.ca/legal_aid/
    ਲੀਗਲ ਸਰਵਿਸਿਜ਼ ਸੁਸਾਇਟੀ ਤੁਹਾਡੀ ਨੁਮਾਇੰਦਗੀ ਲਈ ਕਿਸੇ ਵਕੀਲ ਦਾ ਖਰਚਾ ਦੇਵੇਗੀ ਜੇ: ਤੁਹਾਡੀ ਕਾਨੂੰਨੀ ਸਮੱਸਿਆ ਸਾਡੇ ਲੀਗਲ ਏਡ ਦੇ ਨਿਯਮਾਂ ਥੱਲੇ ਆਉਂਦੀ ਹੈ, ਤੁਸੀਂ ਮਾਇਕ ਸੇਧਾਂ ਪੂਰੀਆਂ ਕਰਦੇ ਹੋ ਅਤੇ ਤੁਹਾਡੇ ਕੋਲ ਕਾਨੂੰਨੀ ਮਦਦ ਲੈਣ ਦਾ ਕੋਈ ਹੋਰ ਤਰੀਕਾ ਨਹੀਂ ਹੈ। ਜਿਹੜੀਆਂ ਕਾਨੂੰਨੀ ਸਮੱਸਿਆਵਾਂ ਲੀਗਲ ਏਡ ਹੇਠ ਕਵਰ ਹੋ ਸਕਦੀਆਂ ਹਨ ਉਨ੍ਹਾਂ ਵਿਚ ਸ਼ਾਮਲ ਹਨ, ਕਰਿਮੀਨਲ ਚਾਰਜ, ਮਾਨਸਿਕ ਸਿਹਤ ਅਤੇ ਜੇਲ੍ਹ ਦੇ ਕੇਸ, ਪਰਿਵਾਰ ਦੀਆਂ ਗੰਭੀਰ ਸਮੱਸਿਆਵਾਂ, ਬੱਚਿਆਂ ਦੀ ਸੁਰੱਖਿਆ ਦੇ ਮਾਮਲੇ, ਅਤੇ ਇਮੀਗਰੇਸ਼ਨ ਦੀਆਂ ਸਮੱਸਿਆਵਾਂ।

    ਆਪਣੇ ਨੇੜੇ ਦੇ ਕਿਸੇ ਲੀਗਲ ਏਡ ਸਥਾਨ ਦਾ ਪਤਾ ਲਾਉਣ ਲਈ www.legalaid.bc.ca ਤੇ ਐੱਲ ਐੱਸ ਐੱਸ ਦਾ ਵੈੱਬਸਾਈਟ ਦੇਖੋ ਅਤੇ "ਲੀਗਲ ਏਡ" ਹੇਠ "ਲੀਗਲ ਏਡ ਆਫਿਸਿਜ਼" ਤੇ ਕਲਿੱਕ ਕਰੋ। ਜਾਂ ਤੁਸੀਂ ਐੱਲ ਐੱਸ ਐੱਸ ਦੇ ਸੂਬੇ ਭਰ ਦੇ ਕਾਲ ਸੈਂਟਰ ਨੂੰ 604.408.2172 ਤੇ (ਗਰੇਟਰ ਵੈਨਕੂਵਰ ਤੋਂ) ਜਾਂ 1.866. 577.2525 ਤੇ (ਮੁਫਤ, ਬੀ ਸੀ ਵਿਚ ਹੋਰ ਕਿਤਿਉਂ ਵੀ) ਫੋਨ ਕਰ ਸਕਦੇ ਹੋ।

  - ***ਬ੍ਰਾਈਜਿਜ਼ ਲਾਈਨ***
    ਜੇ ਤੁਹਾਡੀ ਕਿਸ ਜੁਰਮ ਲਈ ਪੜਤਾਲ ਹੋ ਰਹੀ ਹੈ, ਜਾਂ ਤੁਹਾਨੂੰ ਗ੍ਰਿਫਤਾਰ ਕੀਤਾ ਗਿਆ ਹੈ ਜਾਂ ਅੰਦਰ ਰੱਖਿਆ ਗਿਆ ਹੈ ਤਾਂ ਤੁਸੀਂ "ਬ੍ਰਾਈਜਿਜ਼ ਲਾਈਨ" ਨੂੰ ਫੋਨ ਕਰਕੇ 24 ਘੰਟੇ ਮਿਲਣ ਵਾਲੀ ਐਮਰਜੰਸੀ ਕਾਨੂੰਨੀ ਸਲਾਹ ਲੈ ਸਕਦੇ ਹੋ ਜਿਹੜੀ ਲਾਈਨ ਲੀਗਲ ਸਰਵਿਸਿਜ਼ ਸੁਸਾਇਟੀ ਵਲੋਂ ਚਲਾਈ ਜਾਂਦੀ ਹੈ ਅਤੇ ਲੋਅਰ ਮੇਨਲੈਂਡ ਵਿਚ ਮੁਫਤ 1.866-458-5500 ਤੇ ਫੋਨ ਕਰਕੇ ਜਾਂ ਸੂਬੇ ਭਰ ਵਿਚ 1-866-458-3300 ਤੇ ਫੋਨ ਕਰਕੇ ਲਈ ਜਾ ਸਕਦੀ ਹੈ (ਮੁਫਤ ਫੋਨ ਕਰੋ)।

  - ***ਡਿਊਟੀ ਕੌਂਸਲ***
    ***ਕਰਿਮੀਨਲ ਲਾਅ ਦੇ ਮਾਮਲੇ***
    ਡਿਊਟੀ ਕੌਂਸਲ ਵਕੀਲ ਹੁੰਦੇ ਹਨ ਜਿਨ੍ਹਾਂ ਦਾ ਖਰਚਾ, ਹਿਰਾਸਤ ਵਿਚ ਲਏ ਜਾਣ ਅਤੇ ਛੱਡੇ ਜਾਣ ਲਈ ਸੂਬਾਈ ਅਦਾਲਤ ਵਿਚ ਪੇਸ਼ ਕੀਤੇ ਜਾਣ ਵਾਲੇ ਉਨ੍ਹਾਂ ਕਥਿਤ ਦੋਸ਼ੀਆਂ ਨੂੰ ਕਾਨੂੰਨੀ ਸੇਵਾਵਾਂ ਪ੍ਰਦਾਨ ਕਰਨ ਲਈ ਐੱਲ ਐੱਸ ਐੱਸ ਵਲੋਂ ਦਿੱਤਾ ਜਾਂਦਾ ਹੈ ਜਿਨ੍ਹਾਂ ਨੂੰ ਕਿਸੇ ਜੁਰਮ ਲਈ ਚਾਰਜ ਕੀਤਾ ਗਿਆ ਹੁੰਦਾ ਹੈ, ਜਿਨ੍ਹਾਂ ਕੋਲ ਵਕੀਲ ਨਹੀਂ ਹੁੰਦਾ ਅਤੇ ਉਹ ਲੀਗਲ ਏਡ ਦੇ ਹੱਕਦਾਰ ਨਹੀਂ ਹੁੰਦੇ। ਡਿਊਟੀ ਕੌਂਸਲ ਤੁਹਾਨੂੰ ਤੁਹਾਡੇ ਖਿਲਾਫ ਲੱਗੇ ਦੋਸ਼ਾਂ, ਅਦਾਲਤ ਦੀਆਂ ਕਾਰਵਾਈਆਂ ਅਤੇ ਤੁਹਾਡੇ ਕਾਨੂੰਨੀ ਹੱਕਾਂ (ਜਿਸ ਵਿਚ ਵਕੀਲ ਲੈਣ ਅਤੇ ਲੀਗਲ ਏਡ ਲਈ ਅਪਲਾਈ ਕਰਨ ਦਾ ਹੱਕ ਵੀ ਸ਼ਾਮਲ ਹਨ) ਬਾਰੇ ਸਲਾਹ ਦੇ ਸਕਦੇ ਹਨ। ਡਿਊਟੀ ਕੌਂਸਲ ਜ਼ਮਾਨਤ ਲਈ ਸੁਣਵਾਈ ਵੇਲੇ ਵੀ ਤੁਹਾਡੀ ਨੁਮਾਇੰਦਗੀ ਕਰ ਸਕਦੇ ਹਨ, ਅਤੇ ਜੇ ਸਮਾਂ ਹੋਵੇ ਤਾਂ ਗਿਲਟੀ ਪਲੀਅ ਕਰਨ ਵਿਚ ਮਦਦ ਕਰ ਸਕਦੇ ਹਨ। ਡਿਊਟੀ ਕੌਂਸਲ ਦੀਆਂ ਸੇਵਾਵਾਂ ਲੈਣ ਲਈ ਭਾਵੇਂ ਤੁਹਾਡਾ ਮਾਇਕ ਤੌਰ ਤੇ ਲੀਗਲ ਏਡ ਲਈ ਹੱਕਦਾਰ ਹੋਣਾ ਜ਼ਰੂਰੀ ਨਹੀਂ ਹੈ ਪਰ ਵਕੀਲ ਵਲੋਂ ਨੁਮਾਇੰਦਗੀ ਨੂੰ ਚਾਲੂ ਰੱਖਣ ਖਾਤਰ ਰੈਫਰਲ ਲੈਣ ਲਈ ਤੁਹਾਡੇ ਵਲੋਂ ਐੱਲ ਐੱਸ ਐੱਸ ਦੀਆਂ ਕਵਰੇਜ ਅਤੇ ਹੱਕਦਾਰੀ ਦੀਆਂ ਸ਼ਰਤਾਂ ਪੂਰੀਆਂ ਕੀਤੀਆਂ ਜਾਣੀਆਂ ਜ਼ਰੂਰੀ ਹਨ। ਆਪਣੇ ਇਲਾਕੇ ਵਿਚ ਡਿਊਟੀ ਕੌਂਸਲ ਦੇ ਕੰਮਕਾਜ ਦੇ ਸਮੇਂ ਬਾਰੇ ਪਤਾ ਲਾਉਣ ਲਈ ਆਪਣੀ ਸਥਾਨਕ ਲੋਕਲ ਕੋਰਟ ਰਜਿਸਟਰੀ ਤੋਂ ਚੈੱਕ ਕਰੋ। ਕੋਰਟ ਰਜਿਸਟਰੀ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ www.provincialcourt.bc.ca 'ਤੇ ਬ੍ਰਿਟਿਸ਼ ਕੋਲੰਬੀਆ ਦੀ ਸੂਬਾਈ ਕੋਰਟ ਦੇ ਵੈੱਬਸਾਈਟ 'ਤੇ ਲੱਭੀ ਜਾ ਸਕਦੀ ਹੈ ("ਜੂਡੀਸ਼ੀਅਲ ਐਡਮਿਨਸਟਰੇਸ਼ਨ" ਤੇ ਅਤੇ ਫਿਰ "ਕੋਰਟ ਲੋਕੇਸ਼ਨਜ਼ ਮੈਪ" ਤੇ ਕਲਿੱਕ ਕਰੋ) ਜਾਂ ਆਪਣੀ ਫੋਨ ਬੁੱਕ ਦੇ ਨੀਲੇ ਪੰਨਿਆਂ ਤੇ ਦੇਖੋ ("ਗਵਰਮੈਂਟ ਆਫ ਬ੍ਰਿਟਿਸ਼ ਕੋਲੰਬੀਆ – ਕੋਰਟ ਸਰਵਿਸਿਜ਼" ਹੇਠ)।

    ***ਇਮੀਗਰੇਸ਼ਨ ਦੇ ਮਾਮਲੇ***
    ਐੱਲ ਐੱਸ ਐੱਸ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਵੈਨਕੂਵਰ ਵਿਚਲੇ ਇਨਫੋਰਸਮੈਂਟ ਸੈਂਟਰ ਵਿਖੇ ਹਿਰਾਸਤ ਵਿਚ ਰੱਖੇ ਗਏ ਲੋਕਾਂ ਲਈ ਡਿਊਟੀ ਕੌਂਸਲ ਪ੍ਰਦਾਨ ਕਰਦੀ ਹੈ। ਡਿਊਟੀ ਕੌਂਸਲ ਨਜ਼ਰਬੰਦ ਲੋਕਾਂ ਨੂੰ ਕਾਰਵਾਈਆਂ ਅਤੇ ਉਨ੍ਹਾਂ ਦੇ ਕਾਨੂੰਨੀ ਹੱਕਾਂ ਦੇ ਸਬੰਧ ਵਿਚ

ਸਲਾਹ ਪ੍ਰਦਾਨ ਕਰਦੇ ਹਨ ਅਤੇ ਉਨ੍ਹਾਂ ਦੀ ਤਰਫੋਂ ਹਿਰਾਸਤ ਦੀਆਂ ਸੁਣਵਾਈਆਂ ਵਿਚ ਪੇਸ਼ ਹੋ ਸਕਦੇ ਹਨ। ਇਹ ਸੇਵਾਵਾਂ ਲੈਣ ਲਈ ਗਾਹਕਾਂ ਦਾ ਐੱਲ ਐੱਸ ਐੱਸ ਦੀਆਂ ਮਾਇਕ ਹੱਕਦਾਰੀ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਣਾ ਜ਼ਰੂਰੀ ਨਹੀਂ ਹੈ।

- ***ਫੈਮਿਲੀ ਡਿਊਟੀ ਕੌਂਸਲ***
  ਡਿਊਟੀ ਕੌਂਸਲ ਵਕੀਲ ਹੁੰਦੇ ਹਨ ਜਿਨ੍ਹਾਂ ਦਾ ਖਰਚਾ, ਘੱਟ ਆਮਦਨ ਵਾਲੇ ਲੋਕਾਂ ਲਈ ਪਰਿਵਾਰਕ ਕਾਨੂੰਨਾਂ ਨਾਲ ਸੰਬੰਧਿਤ ਸਮੱਸਿਆਵਾਂ ਜਾਂ ਬੱਚੇ ਦੀ ਸੁਰੱਖਿਆ ਦੇ ਮਸਲਿਆਂ ਵਿਚ ਮਦਦ ਕਰਨ ਲਈ ਐੱਲ ਐੱਸ ਐੱਸ ਵਲੋਂ ਦਿੱਤਾ ਜਾਂਦਾ ਹੈ (ਜਿੱਥੇ ਮਨਿਸਟਰੀ ਫਾਰ ਚਿਲਡਰਨ ਐਂਡ ਫੈਮਿਲੀਜ਼ ਦੀ ਤੁਹਾਡੇ ਪਰਿਵਾਰ ਵਿਚ ਦਖਲਅੰਦਾਜ਼ੀ ਹੁੰਦੀ ਹੈ)। ਜੇ ਤੁਹਾਡੇ ਕੋਲ ਆਪਣਾ ਵਕੀਲ ਨਹੀਂ ਹੈ ਤਾਂ ਡਿਊਟੀ ਕੌਂਸਲ ਤੁਹਾਨੂੰ ਸਲਾਹ ਦੇ ਸਕਦਾ ਹੈ ਅਤੇ ਤੁਹਾਡੇ ਸਾਧਾਰਨ ਮਸਲਿਆਂ ਬਾਰੇ ਤੁਹਾਡੀ ਤਰਫੋਂ ਅਦਾਲਤ ਵਿਚ ਬੋਲ ਸਕਦਾ ਹੈ। ਜੇ ਤੁਸੀਂ ਮਾਇਕ ਤੌਰ ਤੇ ਹੱਕਦਾਰ ਨਾ ਵੀ ਹੋਵੋ ਤਾਂ ਵੀ ਡਿਊਟੀ ਕੌਂਸਲ ਤੁਹਾਡੀ ਮਦਦ ਕਰਨ ਦੇ ਯੋਗ ਹੋ ਸਕਦਾ ਹੈ। ਡਿਊਟੀ ਕੌਂਸਲ ਤੁਹਾਡਾ ਸਾਰਾ ਕੇਸ ਨਹੀਂ ਲਵੇਗਾ ਅਤੇ ਨਾ ਹੀ ਮੁਕੱਦਮੇ ਵਿਚ ਤੁਹਾਡੀ ਨੁਮਾਇੰਦਗੀ ਕਰੇਗਾ।

  ***ਸੂਬਾਈ ਅਦਾਲਤ ਵਿਚ***
  ਡਿਊਟੀ ਕੌਂਸਲ ਅਪੌਇੰਟਮੈਂਟ ਨਾਲ ਜਾਂ ਦਫਤਰ ਆਉਣ ਦੇ ਆਧਾਰ ਤੇ ਵੈਨਕੂਵਰ, ਸਰੀ, ਪੋਰਟ ਕੁਕਿਟਲਮ ਵਿਚ ਉਪਲਬਧ ਹਨ (ਅਪੌਇੰਟਮੈਂਟ ਬਣਾ ਕੇ ਆਉਣ ਨੂੰ ਉਤਸ਼ਾਹ ਦਿੱਤਾ ਜਾਂਦਾ ਹੈ)। ਹੋਰਨਾਂ ਥਾਂਵਾਂ ਤੇ ਡਿਊਟੀ ਕੌਂਸਲ ਦੀਆਂ ਸੇਵਾਵਾਂ ਦਫਤਰ ਆਉਣ ਤੇ ਆਧਾਰਿਤ ਹਨ। ਵਕੀਲਾਂ ਨੂੰ ਪਹਿਲਾਂ ਉਨ੍ਹਾਂ ਲੋਕਾਂ ਦੀ ਮਦਦ ਕਰਨੀ ਪੈਂਦੀ ਹੈ ਜਿਨ੍ਹਾਂ ਦਾ ਕੇਸ ਉਸ ਦਿਨ ਅਦਾਲਤ ਵਿਚ ਹੁੰਦਾ ਹੈ, ਅਤੇ ਜਦੋਂ ਉਨ੍ਹਾਂ ਦੀ ਅਦਾਲਤ ਵਿਚ ਲੋੜ ਨਹੀਂ ਰਹਿੰਦੀ ਤਾਂ ਉਹ ਦੂਜਿਆਂ ਦੀ ਮਦਦ ਕਰ ਸਕਦੇ ਹਨ। ਆਪਣੇ ਇਲਾਕੇ ਵਿਚ ਡਿਊਟੀ ਕੌਂਸਲ ਦੇ ਕੰਮਕਾਜ ਦੇ ਸਮੇਂ ਬਾਰੇ ਪਤਾ ਲਾਉਣ ਲਈ www.legalaid.bc.ca ਤੇ ਐੱਲ ਐੱਸ ਐੱਸ ਦਾ ਵੈੱਬਸਾਈਟ ਦੇਖੋ ("ਲੀਗਲ ਅਡਵਾਈਸ" ਤੇ ਅਤੇ ਫਿਰ "ਫੈਮਿਲੀ ਲਾਅ ਮੈਟਰਜ਼" ਤੇ ਕਲਿੱਕ ਕਰੋ) ਜਾਂ ਆਪਣੇ ਸਥਾਨਕ ਲੀਗਲ ਏਡ ਦਫਤਰ ਨਾਲ ਸੰਪਰਕ ਕਰੋ। ਤੁਸੀਂ ਆਪਣੀ ਸਥਾਨਕ ਲੋਕਲ ਕੋਰਟ ਰਜਿਸਟਰੀ ਨਾਲ ਵੀ ਸੰਪਰਕ ਕਰ ਸਕਦੇ ਹੋ (ਆਪਣੀ ਫੋਨ ਬੁੱਕ ਦੇ ਨੀਲੇ ਪੰਨਿਆਂ ਤੇ ("ਗਵਰਮੈਂਟ ਆਫ ਬ੍ਰਿਟਿਸ਼ ਕੋਲੰਬੀਆ – ਕੋਰਟ ਸਰਵਿਸਿਜ਼" ਹੇਠ ਦੇਖੋ)।

  ***ਸੁਪਰੀਮ ਕੋਰਟ ਵਿਚ***
  ਜੇ ਤੁਸੀਂ ਘੱਟ ਆਮਦਨ ਵਾਲੇ ਵਿਅਕਤੀ ਹੋ ਅਤੇ ਤੁਹਾਨੂੰ ਅਲਹਿਦਗੀ ਜਾਂ ਤਲਾਕ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਤੁਸੀਂ ਸੁਪਰੀਮ ਕੋਰਟ ਫੈਮਿਲੀ ਡਿਊਟੀ ਕੌਂਸਲ ਕੋਲੋਂ ਤਿੰਨ ਘੰਟੇ ਤੱਕ ਦੀ ਮੁਫਤ ਕਾਨੂੰਨੀ ਸਲਾਹ ਲੈਣ ਦੇ ਹੱਕਦਾਰ ਹੋ ਸਕਦੇ ਹੋ। ਡਿਊਟੀ ਕੌਂਸਲ ਵਕੀਲ ਹੁੰਦੇ ਹਨ ਜੋ ਕਿ ਇਨ੍ਹਾਂ ਗੱਲਾਂ ਬਾਰੇ ਸਲਾਹ ਦੇ ਸਕਦੇ ਹਨ: ਕਸਟੱਡੀ, ਐਕਸੈਸ, ਗਾਰਡੀਅਨਸ਼ਿਪ, ਚਾਇਲਡ ਸਪੋਰਟ; ਪ੍ਰਾਪਰਟੀ (ਸੀਮਤ); ਅਸਥਾਈ ਸਮਝੌਤੇ; ਅਤੇ ਅਦਾਲਤ ਦੀ ਕਾਰਵਾਈ। ਡਿਊਟੀ ਕੌਂਸਲ ਤੁਹਾਡੀ ਚੈਂਬਰਜ਼ ਵਿਚ ਵੀ ਮਦਦ ਕਰ ਸਕਦੇ ਹਨ (ਅਦਾਲਤ ਦਾ ਇਕ ਕਮਰਾ ਜਿੱਥੇ ਅਰਜ਼ੀਆਂ ਸੁਣੀਆਂ ਜਾਂਦੀਆਂ ਹਨ ਪਰ ਮੁਕੱਦਮੇ ਨਹੀਂ ਸੁਣੇ ਜਾਂਦੇ) ਜੇ ਮਾਮਲਾ ਸਰਲ, ਬਿਨਾਂ ਮੁਕਾਬਲੇ ਵਾਲਾ ਜਾਂ ਸਹਿਮਤੀ ਵਾਲਾ ਹੋਵੇ। ਉਹ ਕੁਝ ਅਦਾਲਤਾਂ ਵਿਚ ਜੁਡੀਸ਼ੀਅਲ ਕੇਸ ਕਾਨਫਰੰਸਾਂ ਵਿਚ ਵੀ ਸ਼ਾਮਲ ਹੋ ਸਕਦੇ ਹਨ। ਡਿਊਟੀ ਕੌਂਸਲ ਤੁਹਾਡੀ ਮਦਦ ਕਰਨ ਦੇ ਯੋਗ ਹੋ ਸਕਦੇ ਹਨ, ਭਾਵੇਂ ਤੁਸੀਂ ਮਾਇਕ ਤੌਰ ਤੇ ਹੱਕਦਾਰ ਨਾ ਵੀ ਹੋਵੋ। ਡਿਊਟੀ ਕੌਂਸਲ ਵੈਨਕੂਵਰ ਵਿਚ ਅਪੌਇੰਟਮੈਂਟ ਨਾਲ ਜਾਂ ਦਫਤਰ ਆਉਣ ਦੇ ਆਧਾਰ ਤੇ ਉਪਲਬਧ ਹਨ। ਹੋਰਨਾਂ ਥਾਂਵਾਂ ਤੇ ਡਿਊਟੀ ਕੌਂਸਲ ਦੀਆਂ ਸੇਵਾਵਾਂ ਦਫਤਰ ਆਉਣ ਤੇ ਆਧਾਰਿਤ ਹਨ।

  ਬੀ ਸੀ ਸੁਪਰੀਮ ਕੋਰਟ ਦੀਆਂ ਰਜਿਸਟਰੀਆਂ ਦੇ ਐਡਰੈਸ ਅਤੇ ਫੋਨ ਨੰਬਰ ਲੈਣ ਲਈ, ਆਪਣੀ ਫੋਨ ਬੁੱਕ ਦੇ ਨੀਲੇ ਪੰਨਿਆਂ ਤੇ "ਗਵਰਮੈਂਟ ਆਫ ਬ੍ਰਿਟਿਸ਼ ਕੋਲੰਬੀਆ – ਕੋਰਟ ਸਰਵਿਸਿਜ਼" ਹੇਠ ਦੇਖੋ। ਸੁਪਰੀਮ ਕੋਰਟ ਲਈ ਡਿਊਟੀ ਕੌਂਸਲ ਦੇ ਕੰਮਕਾਜ ਦੇ ਸਮੇਂ ਬਾਰੇ ਪਤਾ ਲਾਉਣ ਲਈ www.legalaid.bc.ca ਤੇ ਐੱਲ ਐੱਸ ਐੱਸ ਦਾ ਵੈੱਬਸਾਈਟ ਦੇਖੋ ("ਲੀਗਲ ਅਡਵਾਈਸ" ਤੇ ਅਤੇ ਫਿਰ "ਫੈਮਿਲੀ ਲਾਅ ਮੈਟਰਜ਼" ਤੇ ਕਲਿੱਕ ਕਰੋ) ਜਾਂ ਆਪਣੇ ਸਥਾਨਕ ਲੀਗਲ ਏਡ ਦਫਤਰ ਨੂੰ ਫੋਨ ਕਰੋ।

- ***ਪਰਿਵਾਰਾਂ ਨੂੰ ਸਲਾਹ ਦੇਣ ਵਾਲੇ ਵਕੀਲ***
- ਜੇ ਤੁਸੀਂ ਘੱਟ ਆਮਦਨ ਵਾਲੇ ਮਾਪੇ ਹੋ ਅਤੇ ਤੁਹਾਨੂੰ ਅਲਹਿਦਗੀ ਜਾਂ ਤਲਾਕ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਤੁਸੀਂ ਕਿਸੇ ਪਰਿਵਾਰਾਂ ਨੂੰ ਸਲਾਹ ਦੇਣ ਵਾਲੇ ਕਿਸੇ ਵਕੀਲ (ਫੈਮਿਲੀ ਅਡਵਾਈਸ ਲਾਇਅਰ) ਤੋਂ ਤਿੰਨ ਘੰਟੇ ਤੱਕ ਦੀ ਮੁਫਤ ਕਾਨੂੰਨੀ ਸਲਾਹ ਲੈਣ ਦੇ ਯੋਗ ਹੋ ਸਕਦੇ ਹੋ। ਇਹ ਵਕੀਲ ਵੈਨਕੂਵਰ ਜਸਟਿਸ ਐਕਸੈੱਸ ਸੈਂਟਰ, ਨਨਾਇਮੋ ਜਸਟਿਸ ਐਕਸੈੱਸ ਸੈਂਟਰ, ਕਲੋਨਾ ਵਿਚ ਫੈਮਿਲੀ ਜਸਟਿਸ ਸੈਂਟਰ, ਨਿਊ ਵੈੱਸਟਮਿਨਸਟਰ ਫੈਮਿਲੀ ਜਸਟਿਸ ਸੈਂਟਰ, ਅਤੇ ਕੈਮਲੂਪਸ, ਪ੍ਰਿੰਸ ਜੌਰਜ, ਸਰੀ ਅਤੇ ਵਿਕਟੋਰੀਆ ਦੇ ਕੋਰਟਹਾਊਸਾਂ ਵਿਖੇ ਉਪਲਬਧ ਹਨ। ਸੇਵਾਵਾਂ ਫੈਮਿਲੀ ਜਸਟਿਸ ਕੌਂਸਲਰ ਜਾਂ ਕਿਸੇ ਚਾਇਲਡ ਸਪੋਰਟ ਔਫੀਸਰ ਦੇ ਕਹਿਣ ਤੇ ਮਿਲਦੀਆਂ ਹਨ।

  ਇਸ ਸਰਵਿਸ ਬਾਰੇ ਹੋਰ ਜਾਣਕਾਰੀ ਲੈਣ ਲਈ ਇਨਕੁਆਰੀ ਬੀ ਸੀ ਨੂੰ ਵੈਨਕੂਵਰ ਵਿਚ 604.660.2421 ਤੇ, ਵਿਕਟੋਰੀਆ ਤੋਂ 250.387.6121 ਤੇ ਜਾਂ ਸੂਬੇ ਵਿਚ ਹੋਰ ਕਿਤਿਓਂ ਵੀ 1.800.663.7867 ਤੇ ਫੋਨ ਕਰੋ ਅਤੇ ਉਪਰ ਲਿਖੀਆਂ ਥਾਂਵਾਂ ਵਿੱਚੋਂ ਕਿਸੇ ਇਕ ਦੇ ਦਫਤਰ ਵਿਚ ਫੈਮਿਲੀ ਜਸਟਿਸ ਕੌਂਸਲਰ ਨਾਲ ਜੋੜੇ ਜਾਣ ਲਈ ਕਹੋ।

© Copyright 1983-2011 The Canadian Bar Association, British Columbia Branch

- ***ਫੈਮਿਲੀ ਲਾਅ ਲਾਈਨ***
  ਜੇ ਤੁਸੀਂ ਘੱਟ ਆਮਦਨ ਵਾਲੇ ਵਿਅਕਤੀ ਹੋ ਅਤੇ ਤੁਹਾਨੂੰ ਪਰਿਵਾਰਾਂ ਲਈ ਕਾਨੂੰਨ ਦੇ ਕਿਸੇ ਮਸਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਤੁਸੀਂ ਕਿਸੇ ਫੈਮਿਲੀ ਵਕੀਲ ਤੋਂ ਟੈਲੀਫੋਨ ਤੇ ਮੁਫਤ ਕਾਨੂੰਨੀ ਸਲਾਹ ਲੈਣ ਦੇ ਯੋਗ ਹੋ ਸਕਦੇ ਹੋ। ਇਸ ਸਰਵਿਸ ਲਈ ਵਿਚਾਰੇ ਜਾਣ ਲਈ ਐੱਲ ਐੱਸ ਐੱਸ ਦੇ ਸੂਬੇ ਭਰ ਦੇ ਕਾਲ ਸੈਂਟਰ ਨੂੰ ਕੰਮਕਾਰ ਵਾਲੇ ਦਿਨਾਂ ਨੂੰ ਸਵੇਰ ਦੇ 9:30 ਵਜੇ ਅਤੇ ਦੁਪਹਿਰ ਦੇ 12:00 ਵਜੇ ਵਿਚਕਾਰ 604.408.2172 ਤੇ (ਗਰੇਟਰ ਵੈਨਕੂਵਰ) ਜਾਂ 1.866.577.2525 ਤੇ (ਬੀ ਸੀ ਵਿਚ ਹੋਰ ਕਿਤਿਉਂ ਵੀ ਮੁਫਤ) ਫੋਨ ਕਰੋ।

- **ਪ੍ਰੋ ਬੋਨੋ ਲੀਗਲ ਸਰਵਿਸਿਜ਼**
  "ਪ੍ਰੋ ਬੋਨੋ" ਦਾ ਮੁਢਲਾ ਅਰਥ ਹੈ "ਆਜ਼ਾਦ" ਅਤੇ ਇਨ੍ਹਾਂ ਪ੍ਰੋਗਰਾਮਾਂ ਵਿਚ, ਪ੍ਰਾਈਵੇਟ ਅਤੇ ਤਜਰਬੇਕਾਰ ਵਕੀਲ, ਉਨ੍ਹਾਂ ਲੋਕਾਂ ਨੂੰ ਮੁਫਤ ਕਾਨੂੰਨੀ ਸਲਾਹ ਦੇਣ ਲਈ ਵਾਲੰਟੀਅਰ ਬਣਦੇ ਹਨ ਜਿਹੜੇ ਵਕੀਲ ਦਾ ਖਰਚਾ ਨਹੀਂ ਝੱਲ ਸਕਦੇ ਜਾਂ ਜਿਨ੍ਹਾਂ ਨੂੰ ਲੀਗਲ ਏਡ ਨਹੀਂ ਮਿਲ ਸਕਦੀ।

  - ***ਐਕਸੈੱਸ ਪ੍ਰੋ ਬੋਨੋ ਸੁਸਾਇਟੀ ਆਫ ਬੀ ਸੀ:*** www.accessprobono.ca
    1 ਅਪਰੈਲ, 2010 ਨੂੰ ਵੈੱਸਟਰਨ ਕੈਨੇਡਾ ਸੁਸਾਇਟੀ ਟੂ ਐਕਸੈੱਸ ਜਸਟਿਸ, ਪ੍ਰੋ ਬੋਨੋ ਲਾਅ ਆਫ ਬ੍ਰਿਟਿਸ਼ ਕੋਲੰਬੀਆ ਵਿਚ ਰਲ ਕੇ ਐਕਸੈੱਸ ਪ੍ਰੋ ਬੋਨੋ ਸੁਸਾਇਟੀ ਆਫ ਬ੍ਰਿਟਿਸ਼ ਕੋਲੰਬੀਆ ਬਣ ਗਈ। ਐਕਸੈੱਸ ਪ੍ਰੋ ਬੋਨੋ ਦਾ ਮਿਸ਼ਨ, ਲੋਕਾਂ ਅਤੇ ਸੀਮਤ ਸਾਧਨਾਂ ਵਾਲੀਆਂ ਬਿਨਾਂ ਮੁਨਾਫੇ ਦੇ ਕੰਮ ਕਰਨ ਵਾਲੀਆ ਸੰਸਥਾਵਾਂ ਲਈ ਉੱਚ ਪੱਧਰ ਦੀਆਂ ਪ੍ਰੋ ਬੋਨੋ ਲੀਗਲ ਸੇਵਾਵਾਂ ਪ੍ਰਦਾਨ ਕਰਕੇ ਬ੍ਰਿਟਿਸ਼ ਕੋਲੰਬੀਆ ਵਿਚ ਇਨਸਾਫ ਤੱਕ ਪਹੁੰਚ ਵਧਾਉਣਾ ਹੈ। ਗਾਹਕਾਂ ਵਲੋਂ ਪਹੁੰਚ ਕਰਨ ਲਈ ਨੰਬਰ ਗਰੇਟਰ ਵੈਨਕੂਵਰ ਵਿਚ 604.878.7400 ਹੈ ਜਾਂ ਸੂਬੇ ਵਿਚ ਹੋਰ ਕਿਤਿਉਂ ਵੀ 1.877.762.6664 ਹੈ। ਕਿਰਪਾ ਕਰਕੇ ਸਿਵਲ ਚੈਂਬਰਜ਼ ਪ੍ਰੋ ਬੋਨੋ ਡਿਊਟੀ ਕੌਂਸਲ ਪ੍ਰੋਜੈਕਟ ਤੇ ਵੀ ਚੈੱਕ ਕਰੋ।

  - ***ਬੀ ਸੀ ਪਬਲਿਕ ਇਨਟਰਸਟ ਐਡਵੋਕੇਸੀ ਸੈਂਟਰ:*** www.bcpiac.com
    ਬੀ ਸੀ ਪੀ ਆਈ ਏ ਸੀ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲਾ ਲੋਕ ਹਿੱਤਾਂ ਲਈ ਇਕ ਕਾਨੂੰਨੀ ਦਫਤਰ ਹੈ। ਇਸ ਦਾ ਕੰਮ ਉਨ੍ਹਾਂ ਗਰੁੱਪਾਂ ਦੀ ਨੁਮਾਇੰਦਗੀ ਕਰਨਾ ਹੈ ਜਿਨ੍ਹਾਂ ਕੋਲ ਉਂਝ ਆਪਣੇ ਹਿੱਤਾਂ ਦਾ ਅਸਰਦਾਰ ਤਰੀਕੇ ਨਾਲ ਦਾਅਵਾ ਜਿਤਾਉਣ ਲਈ ਵਸੀਲੇ ਨਹੀਂ ਹੋਣੇ ਸਨ। ਵੈਨਕੂਵਰ ਵਿਚ 604.687.3063 ਤੇ ਫੋਨ ਕਰੋ।

  - ***ਕਮਿਉਨਟੀ ਲੀਗਲ ਅਸਿਸਟੈਂਸ ਸੁਸਾਇਟੀ (ਸੀ ਐੱਲ ਏ ਐੱਸ):*** www.clasbc.net
    ਕਮਿਉਨਟੀ ਲੀਗਲ ਅਸਿਸਟੈਂਸ ਸੁਸਾਇਟੀ (ਸੀ ਐੱਲ ਏ ਐੱਸ) ਦਾ ਮਕਸਦ, ਉਨ੍ਹਾਂ ਲੋਕਾਂ ਨੂੰ ਕਾਨੂੰਨੀ ਸਲਾਹ ਅਤੇ ਮਦਦ ਦੇਣਾ ਅਤੇ ਉਨ੍ਹਾਂ ਦੇ ਫਾਇਦੇ ਲਈ ਕਾਨੂੰਨ ਦੀ ਵਰਤੋਂ ਕਰਨਾ ਅਤੇ ਕਾਨੂੰਨ ਤਿਆਰ ਕਰਵਾਉਣਾ ਹੈ ਜਿਹੜੇ ਸਰੀਰਕ, ਮਾਨਸਿਕ, ਸਮਾਜਿਕ, ਆਰਥਿਕ ਜਾਂ ਕਿਸੇ ਹੋਰ ਕਾਰਨ ਕਰਕੇ ਘਾਟੇ ਵਿਚ ਰਹਿਣ ਵਾਲੇ ਹਨ ਜਾਂ ਜਿਨ੍ਹਾਂ ਦੇ ਮਨੁੱਖੀ ਹੱਕਾਂ ਦੀ ਰੱਖਿਆ ਕੀਤੇ ਜਾਣ ਦੀ ਲੋੜ ਹੈ। ਵੈਨਕੂਵਰ ਵਿਚ 604.685.3425 ਤੇ ਜਾਂ ਟੋਲ ਫ੍ਰੀ 1.888.685.6222 ਤੇ ਫੋਨ ਕਰੋ।

  - ***ਇਮੀਗਰੇਸ਼ਨ ਅਤੇ ਬਹੁਸਭਿਆਚਾਰਕ ਸੇਵਾਵਾਂ:***

    - **ਅਫਿਲੀਏਸ਼ਨ ਆਫ ਮਲਟੀਕਲਚਰਲ ਸੁਸਾਇਟੀਜ਼ ਐਂਡ ਸਰਵਿਸ ਏਜੰਸੀਜ਼ ਆਫ ਬੀ ਸੀ (ਅਮਸਾ):** www.amssa.org

      ਅਮਸਾ ਬ੍ਰਿਟਿਸ਼ ਕੋਲੰਬੀਆ ਵਿਚ ਨਸਲਵਾਦ ਦੇ ਵਿਰੋਧ, ਮਨੁੱਖੀ ਹੱਕਾਂ ਅਤੇ ਸਮਾਜਿਕ ਨਿਆਂ ਲਈ ਹਿਮਾਇਤ ਅਤੇ ਸਿਖਿਆ ਵਿਚ ਅਗਵਾਈ ਕਰਦੀ ਹੈ। ਇਮੀਗਰਾਂਟਾਂ, ਰਫਿਊਜੀਆਂ ਅਤੇ ਸਭਿਆਚਾਰਕ ਤੌਰ ਤੇ ਭਿੰਨ ਭਿੰਨ ਭਾਈਚਾਰਿਆਂ ਦੀ ਸੇਵਾ ਕਰਨ ਵਿਚ ਅਮਸਾ ਆਪਣੇ ਮੈਂਬਰਾਂ ਦੀ ਮਦਦ ਕਰਦੀ ਹੈ। ਵੈਨਕੂਵਰ ਵਿਚ 604.718.2780 ਤੇ ਜਾਂ 1.888.355.5560 ਤੇ ਫੋਨ ਕਰੋ।

    - **ਇਮੀਗਰਾਂਟ ਸਰਵਿਸਿਜ਼ ਸੁਸਾਇਟੀ ਆਫ ਬੀ ਸੀ:** www.issbc.org

      ਇਮੀਗਰਾਂਟ ਸਰਵਿਸਿਜ਼ ਸੁਸਾਇਟੀ ਆਫ ਬੀ ਸੀ: (ਆਈ ਐੱਸ ਐੱਸ) ਇਮੀਗਰਾਂਟਾਂ ਅਤੇ ਰਫਿਊਜੀਆਂ ਦੀਆਂ ਲੋੜਾਂ ਦੀ ਪਛਾਣ ਕਰਨ ਵਿਚ ਅਤੇ ਇਹ ਲੋੜਾਂ ਪੂਰੀਆਂ ਕਰਨ ਲਈ ਅਸਰਦਾਰ, ਉੱਚ ਪੱਧਰ ਦੇ ਪ੍ਰੋਗਰਾਮ ਅਤੇ ਸੇਵਾਵਾਂ ਤਿਆਰ ਕਰਨ, ਪ੍ਰਦਰਸ਼ਤ ਕਰਨ ਅਤੇ ਦੇਣ ਵਿਚ ਮੋਹਰੀ ਰਹਿਣਾ ਜਾਰੀ ਰੱਖੇਗੀ। ਵੈਨਕੂਵਰ ਵਿਚ 604.684.2561 ਤੇ ਫੋਨ ਕਰੋ।

    - **ਮੋਜ਼ੈਕ:** www.mosaicbc.com

      ਮੋਜ਼ੈਕ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀ ਇਕ ਬਹੁ-ਭਾਸ਼ਾਈ ਸੰਸਥਾ ਹੈ ਜੋ ਕਿ ਉਨ੍ਹਾਂ ਮਾਮਲਿਆਂ ਦੇ ਹੱਲ ਕਰਨ ਲਈ ਸਮਰਪਿਤ ਹੈ ਜਿਹੜੇ ਇਮੀਗਰਾਂਟਾਂ ਅਤੇ ਰਫਿਊਜੀਆਂ ਤੇ ਕੈਨੇਡੀਅਨ ਸਮਾਜ ਵਿਚ ਵਸਣ ਅਤੇ ਅਨੁਕੂਲ ਹੋਣ ਦੌਰਾਨ ਅਸਰ ਪਾਉਂਦੇ ਹਨ। ਵੈਨਕੂਵਰ ਵਿਚ 604.254.9626 ਜਾਂ 604.708.9300 ਤੇ ਫੋਨ ਕਰੋ।

    - **ਸਕਸੈੱਸ:** www.successbc.ca

ਸਕਸੈੱਸ, ਸਮਾਜਿਕ, ਸਿਖਿਅਕ ਅਤੇ ਸਿਹਤ ਸੇਵਾਵਾਂ, ਬਿਜ਼ਨਸ ਅਤੇ ਕਮਿਉਨਟੀ ਵਿਕਾਸ ਅਤੇ ਐਡਵੋਕੇਸੀ ਰਾਹੀਂ ਵੱਖ ਵੱਖ ਐਥਨਿਕ ਪਿਛੋਕੜਾਂ ਦੇ ਇਮੀਗਰਾਂਟਾਂ ਅਤੇ ਕੈਨੇਡੀਅਨਾਂ ਦੀ ਭਲਾਈ ਦੀ ਹਿਮਾਇਤ ਕਰਦੀ ਹੈ। ਆਮ ਇਨਕੁਆਰੀਆਂ ਲਈ ਵੈਨਕੂਵਰ ਵਿਚ 604.684.1628 ਨੂੰ ਫੋਨ ਕਰੋ।

- ***ਜਸਟਿਸ ਐਕਸੈੱਸ ਸੈਂਟਰ (ਨਨਾਇਮੋ ਅਤੇ ਵੈਨਕੂਵਰ):*** www.justiceaccesscentre.bc.ca
  ਜਸਟਿਸ ਐਕਸੈੱਸ ਸੈਂਟਰ ਉਹ ਥਾਂ ਹੈ ਜਿੱਥੇ ਤੁਸੀਂ ਫੈਮਿਲੀ ਅਤੇ ਸਿਵਲ ਲਾਅ ਦੇ ਮਾਮਲਿਆਂ ਦੇ ਸਬੰਧ ਵਿਚ ਮਦਦ ਲੈਣ ਲਈ ਜਾ ਸਕਦੇ ਹੋ ਜਿਹੜੇ ਤੁਹਾਡੀ ਰੋਜ਼ਮਰਾ ਦੀ ਜ਼ਿੰਦਗੀ ਤੇ ਅਸਰ ਪਾਉਂਦੇ ਹਨ ਜਿਵੇਂ ਕਿ ਸੈਪਾਰੇਸ਼ਨ ਜਾਂ ਤਲਾਕ, ਇਨਕਮ ਸਕਿਉਰਟੀ, ਰੁਜ਼ਗਾਰ, ਰਿਹਾਇਸ਼ ਜਾਂ ਕਰਜ਼ਾ। ਜਸਟਿਸ ਐਕਸੈੱਸ ਸੈਂਟਰਾਂ ਕੋਲ ਉਹ ਜਾਣਕਾਰੀ ਅਤੇ ਸੇਵਾਵਾਂ ਹਨ ਜਿਨ੍ਹਾਂ ਦੀ ਤੁਹਾਨੂੰ ਆਪਣੀਆਂ ਸਮੱਸਿਆਵਾਂ ਦੇ ਹੱਲ ਕਰਨ ਲਈ ਲੋੜ ਹੈ। ਸੇਵਾਵਾਂ ਆਹਮੋ-ਸਾਹਮਣੇ ਦਿੱਤੀਆਂ ਜਾਂਦੀਆਂ ਹਨ ਪਰ ਤੁਸੀਂ ਜਾਣਕਾਰੀ ਲੈਣ ਲਈ ਫੋਨ ਕਰ ਸਕਦੇ ਹੋ:
  - ਨਨਾਇਮੋ: ਟੋਲ ਫਰੀ 1.800.578.8511
  - ਵੈਨਕੂਵਰ: 604.660.2084

- ***ਟੇਨੈਂਟ ਰੀਸੋਰਸ ਐਂਡ ਐਡਵਾਈਜ਼ਰੀ ਸੈਂਟਰ (ਟਰੈਕ):*** www.tenants.bc.ca
  ਟਰੈਕ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀ ਵੈਨਕੂਵਰ ਆਧਾਰਿਤ ਇਕ ਸੰਸਥਾ ਹੈ ਜੋ ਕਿ ਕਿਰਾਏਦਾਰਾਂ ਲਈ ਕਾਨੂੰਨੀ ਜਾਣਕਾਰੀ, ਕਿਰਾਏਦਾਰਾਂ ਦੇ ਹੱਕਾਂ ਬਾਰੇ ਲਿਖਤਾਂ, ਕਿਰਾਏਦਾਰਾਂ ਨੂੰ ਜਥੇਬੰਦ ਕਰਨ ਅਤੇ ਵਰਕਸ਼ਾਪਾਂ ਲਾਉਣ ਦੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ। ਵੈਨਕੂਵਰ ਵਿਚ 604.255.0546 ਤੇ ਜਾਂ ਟੋਲ ਫ੍ਰੀ 1.800.665.1185 ਤੇ ਫੋਨ ਕਰੋ।

- ***ਸਾਲਵੇਸ਼ਨ ਆਰਮੀ ਬੀ ਸੀ ਪ੍ਰੋ ਬੋਨੋ ਲਾਇਅਰ ਕਨਸਲਟੈਂਟ ਪ੍ਰੋਗਰਾਮ:*** www.probono.ca
  ਇਹ ਪ੍ਰੋਗਰਾਮ ਸਾਲਵੇਸ਼ਨ ਆਰਮੀ ਰਾਹੀਂ ਦਿੱਤਾ ਜਾਂਦਾ ਹੈ ਅਤੇ ਸੂਬੇ ਭਰ ਵਿਚ ਕਲੀਨਿਕ ਲਾਏ ਜਾਂਦੇ ਹਨ। ਵਾਲੰਟੀਅਰ ਵਕੀਲ ਤੁਹਾਡੇ ਕਾਨੂੰਨੀ ਕੰਮ ਨਹੀਂ ਕਰਨਗੇ, ਪਰ ਉਹ ਅਦਾਲਤ ਦੀ ਕਾਰਵਾਈ ਲਈ ਤਿਆਰੀ ਕਰਨ ਅਤੇ ਇਸ ਵਿਚ ਦੀ ਲੰਘਣ ਵਿਚ ਤੁਹਾਡੀ ਮਦਦ ਕਰਨਗੇ। 604.694.6647 ਤੇ ਫੋਨ ਕਰੋ। ਤੁਹਾਨੂੰ ਤੁਹਾਡੇ ਨੇੜੇ ਦੇ ਕਿਸੇ ਢੁਕਵੇਂ ਕਲੀਨਿਕ ਨਾਲ ਜੋੜਿਆ ਜਾਵੇਗਾ ਜਿੱਥੇ ਤੁਸੀਂ ਕਿਸੇ ਵਕੀਲ ਨੂੰ ਦੇਖਣ ਲਈ ਅਪੌਇੰਟਮੈਂਟ ਬਣਾ ਸਕਦੇ ਹੋ।

- **ਲਾਅ ਸਕੂਲ ਦੇ ਵਿਦਿਆਰਥੀਆਂ ਦੀਆਂ ਸੇਵਾਵਾਂ**

  - ***ਲਾਅ ਸਕੂਲ ਦੇ ਵਿਦਿਆਰਥੀਆਂ ਦਾ ਕਾਨੂੰਨੀ ਸਲਾਹ ਦੇਣ ਦਾ ਪ੍ਰੋਗਰਾਮ (ਐੱਲ ਐੱਸ ਐੱਲ ਏ ਪੀ):*** www.lslap.bc.ca
    ਇਹ ਵਿਦਿਆਰਥੀਆਂ ਵਲੋਂ ਚਲਾਈ ਜਾਂਦੀ ਇਕ ਸੰਸਥਾ ਹੈ ਜਿਹੜੀ ਉਨ੍ਹਾਂ ਲੋਕਾਂ ਨੂੰ ਕਾਨੂੰਨੀ ਸਲਾਹ ਦਿੰਦੀ ਹੈ ਜਿਨ੍ਹਾਂ ਨੂੰ ਅਜਿਹੀ ਮਦਦ ਉਸ ਤਰ੍ਹਾਂ ਵਾਰਾ ਨਹੀਂ ਖਾਂਦੀ। ਸੂਬੇ ਵਿਚ ਲੀਗਲ ਏਡ ਵਿਚ ਹੋਈਆਂ ਮੌਜੂਦਾ ਕਟੌਤੀਆਂ ਕਾਰਨ, ਐੱਲ ਐੱਸ ਐੱਲ ਏ ਪੀ ਮੁਫਤ ਕਾਨੂੰਨੀ ਸਲਾਹ ਲੈਣ ਲਈ ਬਹੁਤ ਮਹੱਤਵਪੂਰਨ ਬਣਦਾ ਜਾ ਰਿਹਾ ਹੈ। ਮੁੱਖ ਨੰਬਰ 604.822.5791 ਹੈ। ਮੁਫਤ ਕਾਨੂੰਨੀ ਜਾਣਕਾਰੀ ਦਾ ਉਨ੍ਹਾਂ ਦਾ ਮੈਨੂਅਲ ਇੰਟਰਨੈੱਟ ਤੇ ਦੇਖਿਆ ਜਾ ਸਕਦਾ ਹੈ।

  - ***ਲਾਅ ਸੈਂਟਰ:*** www.thelawcentre.ca
    ਇਹ ਸਰਵਿਸ ਵਿਕਟੋਰੀਆ ਯੂਨੀਵਰਸਿਟੀ ਦੇ ਲਾਅ ਵਿਭਾਗ ਵਲੋਂ ਦਿੱਤੀ ਜਾਂਦੀ ਹੈ। ਇਹ ਉਨ੍ਹਾਂ ਲੋਕਾਂ ਨੂੰ ਸਲਾਹ, ਸਹਾਇਤਾ ਦਿੰਦੀ ਹੈ ਅਤੇ ਨੁਮਾਇੰਦਗੀ ਕਰਦੀ ਹੈ ਜਿਹੜੇ ਵਕੀਲ ਨਹੀਂ ਕਰ ਸਕਦੇ। ਮੁਫਤ ਕਾਨੂੰਨੀ ਨੁਮਾਇੰਦਗੀ ਉਨ੍ਹਾਂ ਦੀ ਕੀਤੀ ਜਾਂਦੀ ਹੈ ਜਿਹੜੇ ਕਾਨੂੰਨੀ ਮਦਦ ਲੈਣ ਦੇ ਹੱਕਦਾਰ ਹਨ। ਵਿਕਟੋਰੀਆ ਵਿਚ 250.385.1221 ਤੇ ਫੋਨ ਕਰੋ ਜਾਂ ਜ਼ਿਆਦਾ ਜਾਣਕਾਰੀ ਲਈ ਉਨ੍ਹਾਂ ਦਾ ਵੈੱਬਸਾਈਟ ਦੇਖੋ।

- **ਪ੍ਰਾਈਵੇਟ ਵਕੀਲ**
  ਜੇ ਤੁਸੀਂ ਆਪਣੀ ਮਰਜ਼ੀ ਦੇ ਕਿਸੇ ਵਕੀਲ ਨਾਲ ਗੱਲ ਕਰਨਾ ਚਾਹੁੰਦੇ ਹੋ, ਪਰ ਤੁਸੀਂ ਇਸ ਚੀਜ਼ ਤੋਂ ਡਰਦੇ ਹੋ ਕਿ ਪਤਾ ਨਹੀਂ ਇਸ ਦਾ ਕਿੰਨਾ ਖਰਚਾ ਆਵੇ ਤਾਂ ਵਕੀਲ ਨੂੰ ਫੋਨ ਕਰੋ ਅਤੇ ਉਸ ਨੂੰ ਪੁੱਛੋ ਕਿ ਮੁਢਲੇ ਸਲਾਹ-ਮਸ਼ਵਰੇ ਦੇ ਉਹ ਕਿੰਨੇ ਪੈਸੇ ਲਵੇਗਾ। ਕੁਝ ਵਕੀਲ ਪਹਿਲੀ ਇੰਟਰਵਿਊ ਲਈ ਕੋਈ ਪੈਸਾ ਨਹੀਂ ਲੈਂਦੇ ਅਤੇ ਕੁਝ ਹੋਰ ਬਹੁਤ ਘੱਟ ਪੈਸੇ ਲੈਂਦੇ ਹਨ।

- **ਕਾਨੂੰਨੀ ਖੋਜਾਂ ਅਤੇ ਵੈੱਬਸਾਈਟ**

  - **ਬੈੱਸਟ ਗਾਈਡ ਟੂ ਕੈਨੇਡੀਅਨ ਲੀਗਲ ਰੀਸਰਚ:** www.legalresearch.org
    ਕਾਨੂੰਨ ਬਾਰੇ ਖੋਜ ਕਰਨ ਲਈ ਇਕ ਸ਼ੁਰੂਆਤੀ ਥਾਂ। ਕੈਨੇਡੀਅਨ ਕਾਨੂੰਨੀ ਖੋਜ ਲਈ ਅਸਰਦਾਰ ਜੁਗਤਾਂ ਅਤੇ ਤਕਨੀਕਾਂ, ਹੋਰ ਵਸੀਲਿਆਂ ਨੂੰ ਲੱਭਣਾ ਅਤੇ ਵਰਤਣਾ, ਕੇਸ ਲੱਭਣੇ ਅਤੇ ਉਨ੍ਹਾਂ ਦੀ ਪੜਤਾਲ, ਆਪਣੀ ਖੋਜ ਨੂੰ ਨਵਿਆਉਣਾ, ਕਾਨੂੰਨੀ ਲਿਖਤਾਂ, ਅਤੇ ਆਮ ਪੁੱਛੇ ਜਾਂਦੇ ਸਵਾਲ।

  - **ਐਕਸੈਸ ਟੂ ਜਸਟਿਸ ਨੈੱਟਵਰਕ:** www.acjnet.org
    ਕਾਨੂੰਨੀ ਖੋਜ ਲਈ ਇਕ ਹੋਰ ਸ਼ੁਰੂਆਤੀ ਥਾਂ, ਜਿਸ ਵਿਚ ਸੈਂਕੜੇ ਕਾਨੂੰਨੀ ਵਿਸ਼ਿਆਂ ਬਾਰੇ ਜਾਣਕਾਰੀ ਵੀ ਸ਼ਾਮਲ ਹੈ।

© Copyright 1983-2011 The Canadian Bar Association, British Columbia Branch

- **ਡਿਪਾਰਟਮੈਂਟ ਆਫ ਜਸਟਿਸ, ਕੈਨੇਡਾ:** www.canada.justice.gc.ca
  ਫੈਡਰਲ ਕਾਨੂੰਨਾਂ ਨਾਲ ਸੰਬੰਧਿਤ ਵਿਸ਼ਿਆਂ ਬਾਰੇ ਜਾਣਕਾਰੀ। ਉਦਾਹਰਣ ਲਈ, ਫੈਡਰਲ ਕਾਨੂੰਨ ਅਤੇ ਨਿਯਮ, ਸੰਵਿਧਾਨਕ ਦਸਤਾਵੇਜ਼, ਅਦਾਲਤ ਦੇ ਫੈਸਲੇ, ਚਾਇਲਡ ਸਪੋਰਟ ਗਾਈਡਲਾਈਨਾਂ, ਅਤੇ ਇਮੀਗਰੇਸ਼ਨ ਦੇ ਮਾਮਲੇ।
- **ਬੀ ਸੀ ਮਨਿਸਟਰੀ ਆਫ ਅਟਾਰਨੀ ਜਨਰਲ:** www.gov.bc.ca/ag
  ਵੈੱਬਸਾਈਟ ਤੇ ਕੋਰਟ ਸਿਸਟਮ, ਪਰਿਵਾਰਕ ਮਸਲਿਆਂ, ਜਿਸ ਵਿਚ ਫੈਮਿਲੀ ਮੇਨਟੇਨੈਂਸ ਨੂੰ ਲਾਗੂ ਕਰਨਾ ਵੀ ਸ਼ਾਮਲ ਹੈ, ਝਗੜਿਆਂ ਦੇ ਹੱਲ ਅਤੇ ਹੋਰ ਸੰਬੰਧਿਤ ਲਿੰਕਸ ਬਾਰੇ ਜਾਣਕਾਰੀ ਹੈ।
- **ਪ੍ਰੋਵਿੰਸ਼ੀਅਲ ਕੋਰਟ ਆਫ ਬ੍ਰਿਟਿਸ਼ ਕੋਲੰਬੀਆ:** www.provincialcourt.bc.ca
  ਅਪੀਲਾਂ ਬਾਰੇ ਜਾਣਕਾਰੀ, ਬਦਲਵੇਂ ਮੁਕੱਦਮੇ, ਆਮ ਪੁੱਛੇ ਜਾਂਦੇ ਸਵਾਲ, ਸ਼ਿਕਾਇਤ ਕਾਰਵਾਈ, ਅਦਾਲਤ ਲੱਭਣ ਲਈ ਨਕਸ਼ਾ ਅਤੇ ਇਸ ਦੇ ਨਾਲ ਨਾਲ ਕੁਝ ਜਾਣਕਾਰੀ, ਕਰਿਮੀਨਲ, ਯੂਥ, ਫੈਮਿਲੀ, ਸਮਾਲ ਕਲੇਮਜ਼, ਟਰੈਫਿਕ, ਬਾਈਲਾਅ ਮਾਮਲਿਆਂ ਅਤੇ ਇਸ ਨਾਲ ਸੰਬੰਧਿਤ ਕਾਨੂੰਨਾਂ ਬਾਰੇ ਹੈ।
- **ਬੀ ਸੀ ਸੁਪਰੀਮ ਕੋਰਟ ਅਤੇ ਬੀ ਸੀ ਅਪੀਲ ਕੋਰਟ:** www.courts.gov.bc.ca
  ਇਸ ਵੈੱਬਸਾਈਟ ਤੇ ਅਦਾਲਤ ਦੇ ਨਿਯਮ ਅਤੇ ਫੈਸਲੇ ਹਨ ਜਿਹੜੇ ਤੁਸੀਂ ਪੜ੍ਹ ਸਕਦੇ ਹੋ।

- **ਹੋਰ ਜਾਣਕਾਰੀ ਅਤੇ ਅਗਾਂਹ ਭੇਜਣ ਦੀਆਂ ਸੇਵਾਵਾਂ**
  - ਇਨਫਰਮੇਸ਼ਨ ਸਰਵਿਸਿਜ਼ ਵੈਨਕੂਵਰ, ਜਾਣਕਾਰੀ ਅਤੇ ਅਗਾਂਹ ਭੇਜਣ ਦੀਆਂ ਸੇਵਾਵਾਂ ਦੇਣ ਵਾਲੀ ਬੀ ਸੀ ਵਿਚ ਸੱਭ ਤੋਂ ਵੱਡੀ ਸੰਸਥਾ ਹੈ। ਸਟਾਫ ਜਾਣਕਾਰੀ ਦੇ ਸਕਦਾ ਹੈ ਅਤੇ ਤੁਹਾਨੂੰ ਢੁਕਵੀਂ ਕਮਿਉਨਟੀ, ਸਰਵਿਸ ਜਾਂ ਸਰਕਾਰੀ ਏਜੰਸੀ ਕੋਲ ਭੇਜ ਸਕਦਾ ਹੈ। 604.875.6381 ਤੇ ਫੋਨ ਕਰੋ।
  - ਜੇ ਤੁਸੀਂ ਬੀ ਸੀ ਦੇ ਓਕਨਆਗਨ ਏਰੀਏ ਵਿਚ ਰਹਿੰਦੇ ਹੋ ਤਾਂ ਤੁਸੀਂ 250.545.8572 ਤੇ ਸੋਸ਼ਲ ਪਲੈਨਿੰਗ ਕੌਂਸਲ ਫਾਰ ਦਾ ਨੌਰਥ ਓਕਨਆਗਨ ਨੂੰ ਫੋਨ ਕਰ ਸਕਦੇ ਹੋ ਜਾਂ www.socialplanning.ca ਤੇ ਵੈੱਬਸਾਈਟ ਦੇਖੋ। ਉਨ੍ਹਾਂ ਨੇ "ਕੈਨ ਵੀਅ ਹੈਲਪ ਯੂ?" ਨਾਂ ਦੀ ਗਾਈਡ ਛਾਪੀ ਹੈ ਜਿਹੜੀ ਕਿ ਓਕਨਆਗਨ ਵਿਚ ਮਿਲਦੀਆਂ ਕਮਿਉਨਟੀ ਸੇਵਾਵਾਂ ਬਾਰੇ ਦੱਸਦੀ ਹੈ।
  - ਇਨਫਰਮੇਸ਼ਨ ਸਰਵਿਸ ਵੈਨਕੂਵਰ "ਵਿਕਟਮਲਿੰਕ" ਪ੍ਰੋਗਰਾਮ ਚਲਾਉਂਦੀ ਹੈ ਜਿਹੜੀ ਕਿ ਬੀ ਸੀ ਵਿਚ ਕਿਧਰੇ ਵੀ ਜੁਰਮ ਦਾ ਸ਼ਿਕਾਰ ਹੋਏ ਵਿਅਕਤੀਆਂ ਲਈ 24 ਘੰਟੇ ਖੁੱਲ੍ਹਣ ਵਾਲੀ ਫੋਨ ਲਾਈਨ ਹੈ। ਸੂਬੇ ਵਿਚ ਕਿਤਿਉਂ ਵੀ 1.800.563.0808 ਤੇ ਮੁਫਤ ਫੋਨ ਕਰੋ।

- **ਕਾਨੂੰਨੀ ਜਾਣਕਾਰੀ ਲਈ ਕੁਝ ਹੋਰ ਵਸੀਲੇ**
  - ਅਡੌਪਸ਼ਨ (ਮਨਿਸਟਰੀ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ): www.mcf.gov.bc.ca/adoption
  - ਆਰਟਿਸਟ'ਸ ਲੀਗਲ ਆਊਟਰੀਚ: www.artistslegaloutreach.ca
  - ਅਟੀਰਾ: ਵਿਮਨਜ਼ ਰੀਸੋਰਸ ਸੁਸਾਇਟੀ: www.atira.bc.ca
  - ਬੀ ਸੀ ਸੈਂਟਰ ਫਾਰ ਐਲਡਰ ਐਡਵੋਕੇਸੀ ਐਂਡ ਸਪੋਰਟ: www.bcceas.ca
  - ਬੀ ਸੀ ਕੋਲੀਸ਼ਨ ਆਫ ਪੀਪਲ ਵਿਦ ਡਿਸਏਬਿਲਟੀਜ਼: www.bccpd.ca
  - ਬੀ ਸੀ ਲਾਅਜ਼: www.bclaws.ca
  - ਬੈਟਰ ਬਿਜ਼ਨਸ ਬਿਊਰੋ: www.bbb.org
  - ਬਿਲਡਰਜ਼ ਲੀਨ ਐਕਟ ਸਪੋਰਟ ਮਾਟੀਰੀਅਲਜ਼: www.bcli.org/builders-lien-act
  - ਕੈਨੇਡੀਅਨ ਬਾਰ ਐਸੋਸੀਏਸ਼ਨ: www.cba.org
  - ਕੈਨੇਡੀਅਨ ਹਿਊਮਨ ਰਾਈਟਸ ਕਮਿਸ਼ਨ: www.chrc-ccdp.ca
  - ਕੈਨੇਡੀਅਨ ਮਾਰਕੀਟਿੰਗ ਐਸੋਸੀਏਸ਼ਨ: www.the-cma.org
  - ਚੀਮੋ ਕਰਾਈਸਿਸ ਸਰਵਿਸਿਜ਼: www.chimocrisis.com
  - ਕਾਲਜ ਆਫ ਫਜ਼ੀਸ਼ੀਅਨਜ਼ ਐਂਡ ਸਰਜਨਜ਼: www.cpsbc.ca
  - ਕੰਪੀਟੀਸ਼ਨ ਬਿਊਰੋ: www.competitionbureau.gc.ca
  - ਕੰਜ਼ਿਊਮਰ ਪ੍ਰੋਟੈਕਸ਼ਨ ਬੀ ਸੀ: www.consumerprotectionbc.ca

© Copyright 1983-2011 The Canadian Bar Association, British Columbia Branch 

- ਕੋ-ਅਪਰੇਟਿਵ ਹਾਊਸਿੰਗ ਫਡਰੇਸ਼ਨ ਆਫ ਬੀ ਸੀ: www.chf.bc.ca
- ਕੋਰਟ ਸਰਵਿਸਿਜ਼: www.ag.gov.bc.ca/courts/
- ਕਰੈਡਿਟ ਕੌਂਸਲਿੰਗ ਸੁਸਾਇਟੀ: www.nomoredebts.org
- ਡਿਸਪਿਊਟ ਰੈਜ਼ੋਲੂਸ਼ਨ ਆਫਿਸ: www.ag.gov.bc.ca/dro
- ਇਮਪਲੌਏਅਰਜ਼ ਐਡਵਾਈਜ਼ਰਜ਼ ਆਫਿਸ: www.labour.gov.bc.ca/eao
- ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ ਲੋਕੇਸ਼ਨਜ਼: www.labour.gov.bc.ca/esb/contact/branch.htm
- ਫੈਡਰਲ ਕੋਰਟ ਆਫ ਕੈਨੇਡਾ: www.fct-cf.gc.ca
- ਫੈਮਿਲੀ ਮੇਨਟੇਨੈਂਸ ਇਨਫੋਰਸਮੈਂਟ ਪ੍ਰੋਗਰਾਮ (ਐੱਫ ਐੱਮ ਈ ਪੀ): www.fmep.gov.bc.ca
- ਫੈਮਿਲੀ ਜਸਟਿਸ ਸਰਵਿਸਿਜ਼: www.ag.gov.bc.ca/family-justice/index.htm
- ਹਿਊਮਨ ਰਾਈਟਸ ਪ੍ਰੋਟੈਕਸ਼ਨ: www.ag.gov.bc.ca/human-rights-protection/index.htm
- ਲਾ ਜਸਟਿਸ ਇਨ ਫਰਾਂਸਿਸ: www.ajefcb.ca
- ਲਾਅ ਸੁਸਾਇਟੀ ਆਫ ਬੀ ਸੀ: www.lawsociety.bc.ca
- ਲਾਇਅਰ ਰੈਫਰਲ ਸਰਵਿਸਿਜ਼ ਇਨ ਕੈਨੇਡਾ: www.justice.gc.ca/eng/pi/fcy-fea/lib-bib/links-liens/index.html
- ਲੈਜਲੇਟਿਵ ਅਸੈਂਬਲੀ ਆਫ ਬੀ ਸੀ: www.leg.bc.ca
- ਮੀਡੀਏਟ ਬੀ ਸੀ ਸੁਸਾਇਟੀ: www.mediatebc.com
- ਮੀਡੀਏਟਰ ਰੋਸਟਰ ਸੁਸਾਇਟੀ ਆਫ ਬੀ ਸੀ: www.mediator-roster.bc.ca
- ਮੈੱਨਜ਼ ਰੀਸੋਰਸਿਜ਼: http://victoria.tc.ca/Community/MensCentre/resrcbc.html
- ਮੈਂਟਲ ਹੈਲਥ ਐਂਡ ਅਡਿਕਸ਼ਨਜ਼: www.health.gov.bc.ca/mhd
- ਮਨਿਸਟਰੀ ਆਫ ਫਾਇਨੈਂਸ: www.gov.bc.ca/fin/
- ਮਨਿਸਟਰੀ ਆਫ ਹੈਲਥ ਸਰਵਿਸਿਜ਼: www.gov.bc.ca/health
- ਮਨਿਸਟਰੀ ਆਫ ਪਬਲਿਕ ਸੇਫਟੀ ਐਂਡ ਸੋਲਿਸਟਰ ਜਨਰਲ: www.gov.bc.ca/pssg/
- ਮਲਟੀਪਲ ਸਕਲੇਰੋਸਿਸ ਸੁਸਾਇਟੀ ਆਫ ਕੈਨੇਡਾ: www.mssociety.ca
- ਆਫਿਸ ਆਫ ਦਾ ਇਨਫਰਮੇਸ਼ਨ ਐਂਡ ਪ੍ਰਾਈਵੇਸੀ ਕਮਿਸ਼ਨਰ: www.oipc.bc.ca
- ਓਲਡ ਏਜ ਸਕਿਉਰਟੀ ਬੈਨੇਫਿਟਸ: www.servicecanada.gc.ca/eng/isp/oas/oastoc.shtml
- ਪਿਵਟ ਲੀਗਲ ਸੁਸਾਇਟੀ: www.pivotlegal.org
- ਪ੍ਰਿਜ਼ਨਰਜ਼ ਲੀਗਲ ਸਰਵਿਸਿਜ਼: 1.888.839.8889
- ਪਬਲਿਕ ਗਾਰਡੀਅਨ ਐਂਡ ਟਰੱਸਟੀ ਆਫ ਕੈਨੇਡਾ: www.trustee.bc.ca
- ਆਰ ਸੀ ਐੱਮ ਪੀ: www.rcmp.ca
- ਰੀਅਲ ਇਸਟੇਟ ਕੌਂਸਲ ਆਫ ਬੀ ਸੀ: www.recbc.ca
- ਰੈਜ਼ੀਡੈਂਸ਼ਲ ਟੇਨੈਂਸੀ ਬਰਾਂਚ: www.rto.gov.bc.ca
- ਸਿਲਵਰ ਹਾਰਬਰ ਸੈਂਟਰ (ਨੌਰਥ ਵੈਨਕੂਵਰ ਵਿਚ ਸੀਨੀਅਰ ਸਰਵਿਸ): www.silverharbourcentre.com
- ਸੁਸਾਇਟੀ ਆਫ ਨੋਟਰੀਜ਼ ਪਬਲਿਕ ਆਫ ਬੀ ਸੀ: www.notaries.bc.ca
- ਵੈਨਕੂਵਰ ਰੇਪ ਰਿਲੀਫ ਐਂਡ ਵਿਮਨ'ਜ਼ ਸ਼ੈਲਟਰ: www.rapereliefshelter.bc.ca

© Copyright 1983-2011 The Canadian Bar Association, British Columbia Branch 

- ਵਾਇਟਲ ਸਟੈਟਿਸਟਿਕਸ ਏਜੰਸੀ: www.vs.gov.bc.ca
- ਵੈੱਸਟ ਕੋਸਟ ਇਨਵਾਰਮੈਂਟਲ ਲਾਅ: www.wcel.org
- ਵਰਕਸੇਫ ਬੀ ਸੀ: www.worksafebc.com;
- ਵਰਕਰਜ਼ ਐਡਵਾਈਜ਼ਰਜ਼ ਆਫਿਸ: www.labour.gov.bc.ca/wab

ਡਾਇਲ-ਏ-ਲਾਅ (ਸੀ) ਕਾਨੂੰਨੀ ਜਾਣਕਾਰੀ ਦੀ ਇਕ ਲਾਇਬਰੇਰੀ ਹੈ ਜਿਹੜੀ ਕਿ ਦੋ ਤਰੀਕਿਆਂ ਰਾਹੀਂ ਉਪਲਬਧ ਹੈ:

- ਰਿਕਾਰਡ ਹੋਈਆਂ ਲਿਖਤਾਂ ਦੇ ਤੌਰ 'ਤੇ ਫੋਨ ਰਾਹੀਂ, ਅਤੇ
- ਸੀ ਬੀ ਏ ਦੀ ਬੀ ਸੀ ਬਰਾਂਚ ਦੇ ਵੈੱਬਸਾਈਟ ਤੋਂ ਆਡਿਓ ਅਤੇ ਲਿਖਤੀ ਰੂਪ ਵਿਚ।

ਡਾਇਲ-ਏ-ਲਾਅ ਤੱਕ ਜਾਣ ਲਈ ਲੋਅਰ ਮੇਨਲੈਂਡ ਵਿਚ 604.687.4680 'ਤੇ ਫੋਨ ਕਰੋ ਜਾਂ ਬੀ ਸੀ ਵਿਚ ਹੋਰ ਕਿਤਿਉਂ ਵੀ 1.800.565.5297 'ਤੇ ਫੋਨ ਕਰੋ। ਡਾਇਲ-ਏ-ਲਾਅ www.dialalaw.org ਵੈੱਬਸਾਈਟ 'ਤੇ ਉਪਲਬਧ ਹੈ।

ਡਾਇਲ-ਏ-ਲਾਅ ਲਾਇਬਰੇਰੀ ਵਕੀਲਾਂ ਵਲੋਂ ਤਿਆਰ ਕੀਤੀ ਗਈ ਹੈ ਅਤੇ ਇਹ ਬ੍ਰਿਟਿਸ਼ ਕੋਲੰਬੀਆ ਵਿਚ ਕਾਨੂੰਨ ਦੇ ਬਹੁਤ ਸਾਰੇ ਖੇਤਰਾਂ ਬਾਰੇ ਉਪਯੋਗੀ ਜਾਣਕਾਰੀ ਦਿੰਦੀ ਹੈ। ਡਾਇਲ-ਏ-ਲਾਅ ਨੂੰ ਬ੍ਰਿਟਿਸ਼ ਕੋਲੰਬੀਆ ਦੀ ਲਾਅ ਫਾਉਂਡੇਸ਼ਨ ਤੋਂ ਮਾਇਕ ਸਹਾਇਤਾ ਮਿਲਦੀ ਹੈ ਅਤੇ ਇਸ ਨੂੰ ਕੈਨੇਡੀਅਨ ਬਾਰ ਐਸੋਸੀਏਸ਼ਨ ਦੀ ਬ੍ਰਿਟਿਸ਼ ਕੋਲੰਬੀਆ ਬਰਾਂਚ ਵਲੋਂ ਸਪਾਂਸਰ ਕੀਤਾ ਗਿਆ ਹੈ।

ਕਾਪੀਰਾਈਟ 1983-2011 ਕੈਨੇਡੀਅਨ ਬਾਰ ਐਸੋਸੀਏਸ਼ਨ, ਬ੍ਰਿਟਿਸ਼ ਕੋਲੰਬੀਆ ਬਰਾਂਚ

© Copyright 1983-2011 The Canadian Bar Association, British Columbia Branch 